dailylokbani

Email : lokbani08@gmail.com

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

ਲੋਕ ਬਾਣੀ

ਐਤਵਾਰ, 29 ਅਗਸਤ 2021


# ਸੰਡੇ ਸਪੈਸ਼ਲ



# ਵਿਦਿਆਰਥੀਆਂ 'ਚ ਲਿਖਣ ਦੀ ਚੇਟਕ ਜ਼ਰੂਰੀ

**ਅੱਜ** ਦਾ ਸਮਾਂ ਬੜਾ ਨਾਜ਼ੁਕ ਦੌਰ ਵਿੱਚੋਂ ਲੰਘ ਰਿਹਾ ਹੈ। ਨੈਤਿਕਤਾ ਜਾਪੇ ਜਿਵੇਂ ਕਿਤੇ ਖੰਭ ਲਾ ਕੇ ਉੱਡ ਗਈ ਹੋਵੇ। ਵਿਦਿਆਰਥੀਆਂ 'ਚ ਅਨੁਸ਼ਾਸਨਹੀਣਤਾ ਅਤੇ ਬੇਚੈਨੀ ਆਮ ਵੇਖਣ ਨੂੰ ਮਿਲ ਰਹੀ ਹੈ। ਧੀਰਜ, ਸਹਿਣਸ਼ੀਲਤਾ ਅਤੇ ਹਲੀਮ

ਅੱਜ ਦਾ ਸਮਾਂ ਬੜਾ ਨਾਜ਼ੁਕ ਦੌਰ ਵਿੱਚੋਂ ਲੰਘ ਰਿਹਾ ਹੈ। ਨੈਤਿਕਤਾ ਜਾਪੇ ਜਿਵੇਂ ਕਿਤੇ ਖੰਭ ਲਾ ਕੇ ਉੱਡ ਗਈ ਹੋਵੇ। ਵਿਦਿਆਰਥੀਆਂ 'ਚ ਅਨੁਸ਼ਾਸਨਹੀਣਤਾ ਅਤੇ ਬੇਚੈਨੀ ਆਮ ਵੇਖਣ ਨੂੰ ਮਿਲ ਰਹੀ ਹੈ। ਧੀਰਜ, ਸਹਿਣਸ਼ੀਲਤਾ ਅਤੇ ਹਲੀਮੀ ਖ਼ਤਮ ਹੋ ਰਹੀ ਹੈ। ਕਿਤਾਬਾਂ ਦੀ ਥਾਂ ਮੋਬਾਈਲਾਂ ਨੇ ਲੈ ਲਈ ਹੈ। ਗੂਗਲ 'ਤੇ ਸਰਚ ਮਾਰ ਕੇ ਬੱਚੇ ਹਰ ਚੀਜ਼ ਦੀ ਜਾਣਕਾਰੀ ਬਿਨਾਂ ਊਰਜਾ ਖ਼ਰਚ ਕੀਤਿਆਂ ਹਾਸਿਲ ਕਰ ਲੈਂਦੇ ਹਨ, ਜਿਸ ਨਾਲ ਉਨ੍ਹਾਂ ਦੀ ਸੋਚ ਵਿਚ ਖੜੋਤ ਆ ਜਾਂਦੀ ਹੈ। ਵਿਦਿਆਰਥੀਆਂ ਵਿਚ ਰਚਨਾਤਮਕ ਰੁਚੀਆਂ ਲਗਪਗ ਖ਼ਤਮ ਹੋ ਰਹੀਆਂ ਹਨ। ਮੋਬਾਈਲ ਉੱਪਰ ਮਾੜੀ ਪ੍ਰਵਿਰਤੀ ਅਤੇ ਹਿੰਸਾ ਨੂੰ ਦਰਸਾਉਂਦੀਆਂ ਵੀਡੀਓ ਦੇਖਣ ਵਿਚ



ਵਿਦਿਆਰਥੀ ਰੁੱਝੇ ਰਹਿੰਦੇ ਹਨ। ਇਹੀ ਲੱਛਣ ਉਨ੍ਹਾਂ ਦੇ ਆਪਣੇ ਸੁਭਾਅ 'ਚ ਆ ਜਾਂਦੇ ਹਨ। ਸਿੱਟੇ ਵਜੋਂ ਉਨ੍ਹਾਂ ਦਾ ਸੁਭਾਅ ਜਿੱਦੀ ਚਿੜਚਿੜਾ ਅਤੇ ਝਗੜਾਲੂ ਬਣ ਜਾਂਦਾ ਹੈ। ਇਸ ਹਾਲਾਤ 'ਚ ਵਿਦਿਆਰਥੀਆਂ ਨੂੰ ਯੋਗ ਸੇਧ ਮਿਲਣੀ ਜ਼ਰੂਰੀ ਹੈ।

ਚੰਗੇ ਵਿਚਾਰਾਂ ਨਾਲ ਬਣੇਗੀ ਉਸਾਰੂ ਸੋਚ

ਹਰ ਸਕੂਲ 'ਚ ਕੋਈ ਨਾ ਕੋਈ ਅਧਿਆਪਕ ਜ਼ਰੂਰ ਹੁੰਦਾ ਹੈ, ਜਿਸ ਨੂੰ ਸਾਹਿਤ ਨਾਲ ਪਿਆਰ ਹੁੰਦਾ ਹੈ। ਉਸ ਅਧਿਆਪਕ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਵਿਦਿਆਰਥੀਆਂ ਨੂੰ ਸਾਹਿਤ ਨਾਲ ਜੋੜਨ ਪਰ ਇਹ ਕਾਰਜ ਏਨਾ ਸੌਖਾ ਨਹੀਂ। ਵਿਦਿਆਰਥੀਆਂ ਦਾ ਧਿਆਨ ਹੋਰ ਗ਼ੈਰ-ਜ਼ਰੂਰੀ ਗਤੀਵਿਧੀਆਂ ਤੋਂ ਹਟਾ ਕੇ ਕਿਤਾਬਾਂ ਵੱਲ ਜੋੜਨਾ ਆਪਣੇ ਆਪ 'ਚ ਇਕ ਚੈਲਿੰਜ ਹੁੰਦਾ ਹੈ। ਸਵੇਰ ਦੀ ਸਭਾ 'ਚ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਕਿਸੇ ਨਾ ਕਿਸੇ ਲੇਖਕ ਦੀ ਸਾਹਿਤਕ ਕ੍ਰਿਤ ਦਾ ਕੁਝ ਹਿੱਸਾ ਸੰਖੇਪ 'ਚ ਬੱਚਿਆਂ ਨੂੰ ਜ਼ਰੂਰ ਦੱਸਣ। ਹੋ ਸਕੇ ਆਪਣੀ ਲਿਖੀ ਕੋਈ ਕਵਿਤਾ ਜਾਂ ਲੇਖ ਬੱਚਿਆਂ ਨਾਲ ਜ਼ਰੂਰ ਸਾਂਝਾ ਕਰਨ। ਅਜਿਹਾ ਕਰਨ ਨਾਲ ਬੱਚਿਆਂ ਅੰਦਰ ਵੀ ਲਿਖਣ ਦੀ ਚੇਟਕ ਲੱਗੇਗੀ। ਚੰਗੇ ਵਿਚਾਰਾਂ ਨਾਲ ਉਨ੍ਹਾਂ ਦੀ ਸੋਚ ਉਸਾਰੂ ਬਣ ਜਾਵੇਗੀ।

ਪੈਦਾ ਹੋਵੇਗੀ ਲਿਖਣ ਦੀ ਰੁਚੀ

ਸਿੱਖਿਆ ਵਿਭਾਗ ਵੱਲੋਂ ਵੀ ਇਸ ਦਿਸ਼ਾ ਵੱਲ ਉਪਰਾਲਾ ਕੀਤਾ ਗਿਆ ਹੈ । ਹਰ ਸਕੂਲ ਨੂੰ ਆਪਣੇ ਪੱਧਰ 'ਤੇ ਇਕ ਮੈਗਜ਼ੀਨ ਛਪਾਉਣ ਲਈ ਕਿਹਾ ਗਿਆ ਹੈ, ਜਿਸ ਵਿਚ ਵਿਦਿਆਰਥੀਆਂ ਨੂੰ ਆਪਣੀਆਂ ਮੌਲਿਕ ਰਚਨਾਵਾਂ ਲਿਖਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ। ਅਧਿਆਪਕ ਉਨ੍ਹਾਂ ਦੇ ਮਾਰਗ ਦਰਸ਼ਕ ਬਣ ਸਕਦੇ ਹਨ। ਉਨ੍ਹਾਂ ਦੀਆਂ ਲਿਖਤਾਂ ਨੂੰ ਸੁਧਾਰਨ 'ਚ ਉਨ੍ਹਾਂ ਦੀ ਮਦਦ ਕਰ ਸਕਦੇ ਹਨ। ਉਨ੍ਹਾਂ ਦੀਆਂ ਲਿਖਤਾਂ ਜਦੋਂ ਮੈਗਜ਼ੀਨ 'ਚ ਛਪਣਗੀਆਂ ਤਾਂ ਉਨ੍ਹਾਂ ਦਾ ਮਨੋਬਲ ਵਧੇਗਾ। ਇੰਝ ਕਰਨ ਨਾਲ ਕੁਝ ਵਿਦਿਆਰਥੀਆਂ ਵਿਚ ਲਿਖਣ ਦੀ ਰੁਚੀ ਪੈਦਾ ਹੋਵੇਗੀ। ਉਹ ਹੋਰ ਵਧੇਰੇ ਚੰਗਾ ਲਿਖਣ ਦੇ ਸਮਰੱਥ ਹੋ ਜਾਣਗੇ। ਵੇਖੋ ਵੇਖੀ ਇਕ ਤੋਂ ਬਾਅਦ ਹੋਰ ਕਈ ਵਿਦਿਆਰਥੀ ਆਪਣੇ ਵਿਚਾਰਾਂ ਨੂੰ ਸ਼ਬਦਾਂ 'ਚ ਪਰੋ ਕੇ ਸਾਹਿਤ ਪ੍ਰਤੀ ਪਿਆਰ ਨੂੰ ਦਰਸਾਉਣਗੇ। ਜਦੋਂ ਵਿਦਿਆਰਥੀ ਸਾਹਿਤ ਦੇ ਨੇੜੇ ਆ ਗਏ ਤਾਂ ਨੈਤਿਕਤਾ ਵਾਲੇ ਗੁਣ ਆਪਣੇ ਆਪ ਹੀ ਉਨ੍ਹਾਂ ਅੰਦਰ ਜਜ਼ਬ ਹੋ ਜਾਣਗੇ। ਇਸ ਤੋਂ ਇਲਾਵਾ ਉਨ੍ਹਾਂ ਦੇ ਮਨ ਅੰਦਰ ਸਭ ਸ਼ੰਕੇ ਦੂਰ ਹੋ ਜਾਣਗੇ। ਹਰ ਵਿਸ਼ੇ ਦੇ ਪੱਖ ਨੂੰ ਉਹ ਵਿਗਿਆਨਿਕ ਦ੍ਰਿਸ਼ਟੀ ਨਾਲ ਵੇਖਣ ਵਿਚ ਸਫਲ ਹੋ ਜਾਣਗੇ। ਇਕ ਆਦਰਸ਼ ਨਾਗਰਿਕ ਬਣਨ ਦੇ ਸਾਰੇ ਗੁਣ ਉਨ੍ਹਾਂ ਅੰਦਰ ਪੈਦਾ ਹੋ ਜਾਣਗੇ।





ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਪਿਆਰ ਅਤੇ ਸਹਿਯੋਗ ਦਾ ਦਿਲੋਂ ਧੰਨਵਾਦ

ਮੁੱਖ ਸੰਪਾਦਕ :- ਅਮਨਦੀਪ ਮਹਿਰਾ

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

(ਜਲੰਧਰ)

Email : lokbani08@gmail.com

ਐਤਵਾਰ, 29 ਅਗਸਤ 2021

ਰੋਜ਼ਾਨਾ ਪੰਜਾਬੀ ਅਖ਼ਬਾਰ 'ਲੋਕ ਬਾਣੀ' ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ 'ਤੇ ਸੰਪਰਕ ਕਰੋ।

0181-2211009

R.N.I. Punpun/29016/2008 ☆ ਸਾਲ : 14 ☆ ਅੰਕ : 211 ☆ ਮੁੱਲ : 2.00 ਰੁਪਏ ☆ ਕੁੱਲ ਪੇਜ਼ : 10 ☆ ਫੈਕਸ : 0181-2211009 ☆ M. 99155-94111


## ਮੋਦੀ ਦੇ ਜੱਲਿਆਂਵਾਲਾ ਬਾਗ ਯਾਦਗਾਰ ਦਾ ਉਦਘਾਟਨ ਕਰਨ ਮੌਕੇ ਪ੍ਰਦਰਸ਼ਨਕਾਰੀਆਂ ਨੂੰ ਪੁਲਿਸ ਨੇ ਕੀਤਾ ਗ੍ਰਿਫ਼ਤਾਰ

**ਅੰਮ੍ਰਿਤਸਰ/ਲੋਕ ਬਾਣੀ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਜੱਲ੍ਹਿਆਂਵਾਲਾ ਬਾਗ ਯਾਦਗਾਰ ਦੇ ਅੱਜ ਵਰਚੁਅਲ ਪ੍ਰੋਗਰਾਮ ਰਾਹੀਂ ਕੀਤੇ ਜਾ ਰਹੇ ਉਦਘਾਟਨ ਤੋਂ ਪਹਿਲਾਂ ਨੌਜਵਾਨ ਜਥੇਬੰਦੀਆਂ ਵੱਲੋਂ ਵਿਰੋਧ ਵਿਚ ਬਾਗ ਦੇ ਬਾਹਰ ਧਰਨਾ ਦਿੱਤਾ ਗਿਆ। ਧਰਨਾ ਦੇਣ ਵਾਲੀਆਂ ਜਥੇਬੰਦੀਆਂ ਵਿੱਚ ਨੌਜਵਾਨ ਭਾਰਤ ਸਭਾ, ਕਿਰਤੀ ਕਿਸਾਨ ਯੂਨੀਅਨ ਯੂਥ ਵਿੰਗ ਤੇ ਕਿਸਾਨ ਜਥੇਬੰਦੀ ਦੇ ਕਾਰਕੁਨ ਸਾਮਲ ਹੋਏ। ਵਰਚੁਅਲ ਪ੍ਰੋਗਰਾਮ ਰਾਹੀਂ ਉਦਘਾਟਨ ਕਰਨ ਦਾ ਵਿਰੋਧ ਕਰ ਰਹੇ ਨੌਜਵਾਨ ਭਾਰਤ ਸਭਾ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਕਈ ਕਾਰਕੁਨਾਂ ਨੂੰ ਪੁਲੀਸ ਨੇ ਹਿਰਾਸਤ ਵਿੱਚ ਲੈ ਲਿਆ ਹੈ। ਇਹ ਕਾਰਕੁਨ ਸ਼ਾਮ ਵੇਲੇ ਮੁੜ ਇਕੱਠੇ ਹੋ ਕੇ ਜਲ੍ਹਿਆਂਵਾਲਾ ਬਾਗ਼ ਵੱਲ ਨੂੰ ਵਧ ਰਹੇ ਸਨ ਕਿ ਪੁਲੀਸ ਨੇ ਇਨ੍ਹਾਂ ਨੂੰ ਰਸਤੇ ਵਿਚ ਰੋਕ ਦਿੱਤਾ। ਨੌਜਵਾਨ ਆਗੂ ਮੰਗਾ ਆਜਾਦ ਨੇ ਦੱਸਿਆ ਕਿ ਪੁਲੀਸ ਵੱਲੋਂ ਨੌਜਵਾਨਾਂ ਨੂੰ ਰੋਕਣ ਲਈ ਹਲਕੇ ਬਲ ਦਾ ਵੀ ਪ੍ਰਯੋਗ ਕੀਤਾ ਗਿਆ ਹੈ ਅਤੇ ਇਸ ਵਿੱਚ ਕੁੱਝ ਕਾਰਕੁਨ ਜਖਮੀ ਵੀ ਹੋਏ ਹਨ। ਉਸ ਨੇ ਦਾਅਵਾ ਕੀਤਾ ਕਿ ਲਗਪਗ ਸੌ ਕਾਰਕੁਨਾਂ ਨੂੰ ਪੁਲੀਸ ਹਿਰਾਸਤ ਵਿੱਚ ਲੈਣ ਮਗਰੋਂ ਅਣਦੱਸੀ ਥਾਂ ਵਲ ਲੈ ਗਈ ਹੈ। ਇਸ ਤੋਂ ਪਹਿਲਾਂ ਦੁਪਹਿਰ ਵੇਲੇ ਇਨ੍ਹਾਂ ਪ੍ਰਦਰਸ਼ਨਕਾਰੀਆਂ ਦੇ ਇਕ ਪੰਜ ਮੈਂਬਰੀ ਵਫਦ ਨੂੰ ਜਲ੍ਹਿਆਂਵਾਲਾ ਬਾਗ ਦੇ ਅੰਦਰ ਜਾਇਜਾ ਲੈਣ ਲਈ ਭੇਜਿਆ ਗਿਆ ਸੀ। ਇਨ੍ਹਾਂ ਵੱਲੋਂ ਦੋਸ਼ ਲਾਇਆ ਜਾ ਰਿਹਾ ਸੀ ਕਿ ਇਤਿਹਾਸਕ ਜੱਲ੍ਹਿਆਂਵਾਲਾ ਬਾਗ ਦੇ ਸੁੰਦਰੀਕਰਨ ਦੇ ਨਾਂ ਹੇਠ ਇਸ ਦੇ ਇਤਿਹਾਸ ਨਾਲ ਛੇੜਛਾੜ ਕੀਤੀ ਗਈ ਹੈ। ਨੌਜਵਾਨ ਭਾਰਤ ਸਭਾ ਦੇ ਰੁਪਿੰਦਰ ਸਿੰਘ, ਮੰਗਾ ਆਜਾਦ ਤੇ ਹੋਰਨਾਂ ਨੇ ਦੱਸਿਆ ਕਿ ਚੱਲ ਰਹੇ ਕਿਸਾਨ ਅੰਦੋਲਨ ਦੌਰਾਨ ਕਿਸਾਨ ਜਥੇਬੰਦੀਆਂ ਵੱਲੋਂ ਫ਼ੈਸਲਾ ਕੀਤਾ ਗਿਆ ਸੀ ਕਿ ਭਾਜਪਾ ਆਗੂਆਂ ਦਾ ਵਿਰੋਧ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਕਿਧਰੇ ਵੀ ਬੋਲਣ ਨਹੀਂ ਦਿੱਤਾ ਜਾਵੇਗਾ।



## ਅਮਰੀਕਾ ਨੇ ਅਫਗਾਨਿਸਤਾਨ 'ਚ ਇਸਲਾਮਿਕ ਸਟੇਟ ਦੇ ਮੈਂਬਰ ਨੂੰ ਡਰੋਨ ਹਮਲੇ 'ਚ ਬਣਾਇਆ ਨਿਸ਼ਾਨਾ

**ਫਰਿਜਨੋ/ਲੋਕ ਬਾਣੀ**

ਅਮਰੀਕੀ ਫੌਜਾਂ ਨੇ ਸੁੱਕਰਵਾਰ ਨੂੰ ਅਫਗਾਨਿਸਤਾਨ 'ਚ ਇਸਲਾਮਿਕ ਸਟੇਟ 'ਤੇ ਜਵਾਬੀ ਹਮਲਾ ਕਰਦਿਆਂ ਇਸ ਅੱਤਵਾਦੀ ਸਮੂਹ ਦੇ ਸਹਿਯੋਗੀ ਸੰਗਠਨ ਵਿਰੁੱਧ ਡਰੋਨ ਹਮਲਾ ਕਰਦਿਆਂ ਇਸ ਦੇ ਇੱਕ ਮੈਂਬਰ ਨੂੰ ਮਾਰ ਦਿੱਤਾ ਹੈ। ਅਮਰੀਕਾ ਦੁਆਰਾ ਇਹ ਜਵਾਬੀ ਕਾਰਵਾਈ ਕਾਬੁਲ ਹਵਾਈ ਅੱਡੇ 'ਤੇ ਹੋਏ ਵਿਨਾਸਕਾਰੀ ਆਤਮਘਾਤੀ ਹਮਲੇ ਤੋਂ ਬਾਅਦ 48 ਘੰਟਿਆਂ ਤੋਂ ਵੀ ਘੱਟ ਸਮੇਂ 'ਚ ਕੀਤੀ ਗਈ। ਯੂ.ਐੱਸ. ਸੈਂਟਰਲ ਕਮਾਂਡ (ਸੈਂਟਕਾਮ) ਦੇ ਅਨੁਸਾਰ ਇਸ ਕਾਰਵਾਈ 'ਚ ਆਈ.ਐੱਸ.ਆਈ.ਐੱਸ-ਕੇ ਦੇ ਪਲੈਨਰ (ਯੋਜਨਾਕਾਰ) ਨੂੰ ਨਿਸਾਨਾ ਬਣਾਇਆ ਗਿਆ। ਇਸ ਅੱਤਵਾਦੀ ਸਮੂਹ ਨੂੰ ਇਸਲਾਮਿਕ ਸਟੇਟ ਖੋਰਾਸਾਨ ਵੀ ਕਿਹਾ ਜਾਂਦਾ ਹੈ ਅਤੇ ਇਸ ਨੇ ਵੀਰਵਾਰ ਦੇ ਜਾਨਲੇਵਾ ਹਮਲੇ ਦੀ ਜੁੰਮੇਵਾਰੀ ਲਈ ਸੀ। ਅਮਰੀਕਾ ਦੀ ਕੇਂਦਰੀ ਕਮਾਂਡ ਦੇ ਕੈਪਟਨ ਬਿਲ ਅਰਬਨ ਨੇ ਦੱਸਿਆ ਕਿ ਇਹ ਮਨੁੱਖ ਰਹਿਤ ਹਵਾਈ ਹਮਲਾ ਅਫਗਾਨਿਸਤਾਨ ਦੇ ਨੰਗਰਹਾਰ ਸੂਬੇ 'ਚ ਕੀਤਾ ਗਿਆ ਸੀ। ਜਿਸ 'ਚ ਇਸ ਅੱਤਵਾਦੀ ਸਮੂਹ ਦਾ ਮੈਂਬਰ ਮਾਰਿਆ ਗਿਆ। ਅਮਰੀਕੀ ਫੌਜਾਂ ਵੱਲੋਂ ਇਹ ਡਰੋਨ ਹਮਲਾ ਰਾਸਟਰਪਤੀ ਜੋਅ ਬਾਈਡੇਨ ਦੁਆਰਾ ਵੀਰਵਾਰ ਸਾਮ ਨੂੰ ਹਮਲੇ ਲਈ ਜੁੰਮੇਵਾਰ ਲੋਕਾਂ ਨੂੰ ਮੁਆਫ ਨਾ ਕਰਨ ਦੀ ਸਹੁੰ ਖਾਣ ਤੋਂ ਬਾਅਦ ਕੀਤਾ ਗਿਆ। ਇੱਕ ਰੱਖਿਆ ਅਧਿਕਾਰੀ ਨੇ ਜਾਣਕਾਰੀ ਦਿੱਤੀ ਕਿ ਬਾਈਡੇਨ ਨੇ ਇਸ ਡਰੋਨ ਸਟਰਾਈਕ ਨੂੰ ਅਧਿਕਾਰਤ ਕੀਤਾ ਸੀ।




## ਪੱਤਰਕਾਰੀ ਨੂੰ ਨਿਰਪੱਖ ਬਣਾਉਣ ਤੇ ਜਸਟਿਸ ਚੰਦਰਚੂੜ ਨੇ ਜੋਰ ਦਿੱਤਾ

**ਨਵੀਂ ਦਿੱਲੀ/ਕਪੂਰ**

ਸੁਪਰੀਮ ਕੋਰਟ ਦੇ ਜੱਜ ਜਸਟਿਸ ਡੀ ਵਾਈ ਚੰਦਰਚੂੜ ਨੇ ਕਿਹਾ ਹੈ ਕਿ ਮੁਲਕ ਦੇ ਨਾਗਰਿਕ ਹੋਣ ਦੇ ਨਾਤੇ ਪ੍ਰੈੱਸ ਨੂੰ ਕਿਸੇ ਵੀ ਪ੍ਰਭਾਵ ਤੋਂ ਮੁਕਤ ਬਣਾਉਣ ਲਈ ਹੰਭਲੇ ਮਾਰਨੇ ਚਾਹੀਦੇ ਹਨ ਤਾਂ ਜੋ ਉਹ ਨਿਰਪੱਖ ਰਹਿ ਕੇ ਜਾਣਕਾਰੀ ਸਾਂਝੀ ਕਰ ਸਕੇ। ਛੇਵੇਂ ਐੱਮ ਸੀ ਚਾਗਲਾ ਯਾਦਗਾਰੀ ਆਨਲਾਈਨ ਭਾਸ਼ਣ ਦੌਰਾਨ 'ਸੱਤਾ ਨੂੰ ਸੱਚ ਤੋਂ ਜਾਣੂ ਕਰਾਉਣਾ: ਨਾਗਰਿਕ ਅਤੇ ਕਾਨੂੰਨ' ਵਿਸ਼ੇ 'ਤੇ ਬੋਲਦਿਆਂ ਉਨ੍ਹਾਂ ਕਿਹਾ, "ਫਰਜੀ ਖਬਰਾਂ ਫੈਲਣ ਤੋਂ ਰੋਕਣ ਲਈ ਸਾਨੂੰ ਆਪਣੇ ਸਰਕਾਰੀ ਅਦਾਰੇ ਮਜਬੂਤ ਕਰਨ ਦੀ ਲੋੜ ਹੈ। ਨਾਗਰਿਕ ਵਜੋਂ ਸਾਨੂੰ ਸਾਰਿਆਂ ਨੂੰ ਪ੍ਰੈੱਸ ਨੂੰ ਕਿਸੇ ਕਿਸਮ ਦੇ ਸਿਆਸੀ ਅਤੇ ਆਰਥਿਕ ਪ੍ਰਭਾਵ ਤੋਂ ਮੁਕਤ ਬਣਾਉਣ ਦੀ ਲੋੜ ਹੈ।" ਉਨ੍ਹਾਂ ਕਿਹਾ ਕਿ ਅਸੀਂ ਸਾਰੇ ਅਜਿਹੇ ਜਮਾਨੇ 'ਚ ਰਹਿ ਰਹੇ ਹਾਂ ਜਿਥੇ 'ਲੋਕਾਂ ਨੂੰ ਸੱਚ ਦਾ ਪਤਾ ਲਾਉਣਾ ਮੁਸ਼ਕਲ ਹੈ ਜਾਂ ਸੱਚ ਪਤਾ ਲੱਗਣ 'ਤੇ ਉਹ ਇਸ ਦੀ ਪਰਵਾਹ ਨਹੀਂ ਕਰਦੇ।' ਉਨ੍ਹਾਂ ਕਿਹਾ ਕਿ ਟਵਿੱਟਰ ਅਤੇ ਫੇਸਬੁੱਕ ਵਰਗੇ ਸੋਸ਼ਲ ਮੀਡੀਆ ਪਲੈਟਫਾਰਮਾਂ ਨੂੰ ਫਰਜੀ ਸਮੱਗਰੀ ਲਈ ਜੁੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ ਪਰ ਲੋਕਾਂ ਨੂੰ ਵਧੇਰੇ ਚੌਕਸ ਰਹਿਣਾ ਪਵੇਗਾ ਅਤੇ ਵੱਖ ਵੱਖ ਰਾਏ ਨੂੰ ਸਵੀਕਾਰ ਕਰਨਾ ਸਿੱਖਣਾ ਪਵੇਗਾ।



## ਖੇਤੀ ਕਾਨੂੰਨ ਖਿਲਾਫ ਤਾਮਿਲਨਾਡੂ ਵਿਧਾਨ ਸਭਾ ਵਿੱਚ ਮਤਾ ਪਾਸ

**ਚੇਨਈ/ਲੋਕ ਬਾਣੀ**

ਤਾਮਿਲਨਾਡੂ ਵਿਧਾਨ ਸਭਾ ਨੇ ਅੱਜ ਮਤਾ ਪਾਸ ਕਰਕੇ ਕੇਂਦਰ ਨੂੰ ਤਿੰਨ ਖੇਤੀਬਾੜੀ ਕਾਨੂੰਨ ਵਾਪਸ ਲੈਣ ਦੀ ਅਪੀਲ ਕੀਤੀ। ਕਿਸਾਨ ਕਈ ਮਹੀਨਿਆਂ ਤੋਂ ਦਿੱਲੀ ਦੇ ਬਾਹਰੀ ਇਲਾਕਿਆਂ ਵਿੱਚ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਕਰ ਰਹੇ ਹਨ। ਮੁੱਖ ਵਿਰੋਧੀ ਧਿਰ ਏਆਈਏਡੀਐੱਮਕੇ ਅਤੇ ਇਸ ਦੀ ਸਹਿਯੋਗੀ ਭਾਰਤੀ ਜਨਤਾ ਪਾਰਟੀ ਨੇ ਇਸ ਮੁੱਦੇ 'ਤੇ ਵਾਕਆਊਟ ਕੀਤਾ। ਜਿਵੇਂ ਹੀ ਅੱਜ ਸਦਨ ਦੀ ਕਾਰਵਾਈ ਸ਼ੁਰੂ ਹੋਈ, ਮੁੱਖ ਮੰਤਰੀ ਐਮਕੇ ਸਟਾਲਿਨ ਨੇ ਮਤਾ ਪੇਸ ਕੀਤਾ।



## ਹਰ ਪਾਸੇ ਚਕਾ ਜਾਮ ਕਿਸਾਨਾਂ ਵਲੋ ਹਰਿਆਣਾ ਦੇ ਟੋਲ ਪਲਾਜਾ ਤੇ ਜਾਮ ਹਰਿਆਣਾ ਰੋਡਵੇਜ਼ ਬੱਸਾਂ ਬੰਦ

**ਚੰਡੀਗੜ੍ਹ /ਪੰਚਕੂਲਾ/ਲੋਕ ਬਾਣੀ**

ਕਰਨਾਲ ਵਿੱਚ ਕਿਸਾਨਾਂ 'ਤੇ ਲਾਠੀਚਾਰਜ ਕਰਨ ਦੇ ਰੋਸ ਵਜੋਂ ਕਿਸਾਨਾਂ ਨੇ ਰਾਜਪੁਰਾ ਨੇੜਲੇ ਸ਼ੰਭੂ ਟੌਲ ਬੈਰੀਅਰ, ਸੂਰਜਪੁਰ ਨੇੜਲੇ ਜੀਰਕਪੁਰ-ਕਾਲਕਾ ਟੌਲ ਪਲਾਜਾ ਨੂੰ ਜਾਮ ਕਰ ਦਿੱਤਾ ਜਿਸ ਕਾਰਨ ਅੱਜ ਸ਼ਾਮ ਸੜਕ ਦੇ ਦੋਵੇਂ ਪਾਸੇ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੱਗ ਗਈਆਂ। ਇਸ ਤੋਂ ਇਲਾਵਾ ਕਿਸਾਨਾਂ ਨੇ ਰੋਹਤਕ-ਪਾਣੀਪਤ ਹਾਈਵੇਅ ਵੀ ਜਾਮ ਕਰ ਦਿੱਤਾ ਹੈ ਜਿਸ ਕਾਰਨ ਹਰਿਆਣਾ ਰੋਡਵੇਜ ਨੇ ਜਿਆਦਾਤਰ ਥਾਵਾਂ 'ਤੇ ਆਪਣੀ ਬੱਸ ਸੇਵਾ ਬੰਦ ਕਰ ਦਿੱਤੀ ਹੈ। ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਕਿਸਾਨਾਂ ਨੂੰ ਸੂਬੇ ਵਿਚਲੀਆਂ ਸੜਕਾਂ ਜਾਮ ਕਰਨ ਲਈ ਕਿਹਾ ਹੈ ਜਿਸ ਤੋਂ ਬਾਅਦ ਕਿਸਾਨਾਂ ਦਾ ਵਿਰੋਧ ਜਾਰੀ ਹੈ। ਕਿਸਾਨਾਂ 'ਤੇ ਹਰਿਆਣਾ ਪੁਲੀਸ ਵੱਲੋਂ ਕੀਤੇ ਲਾਠੀਚਾਰਜ ਦੇ ਰੋਸ ਵਜੋਂ ਅੱਜ ਸੰਭੂ ਬਾਰਡਰ ਨਜਦੀਕ ਬਣੇ ਟੋਲ ਪਲਾਜਾ 'ਤੇ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਵੱਲੋਂ ਰੋਸ ਪ੍ਰਦਰਸਨ ਕੀਤਾ ਗਿਆ। ਇਸ ਮੌਕੇ ਕਿਸਾਨਾਂ ਨੇ ਦਿੱਲੀ-ਅੰਮ੍ਰਿਤਸਰ ਹਾਈਵੇਅ ਜਾਮ ਕਰ ਦਿੱਤਾ, ਜਿਸ ਕਾਰਨ ਕੁਝ ਸਮੇਂ ਲਈ ਆਵਾਜਾਈ ਪ੍ਰਭਾਵਿਤ ਰਹੀ। ਪੁਲੀਸ ਨੇ ਲੋਕਾਂ ਦੀ ਮੁਸਕਲ ਨੂੰ ਦੇਖਦਿਆਂ ਦਿੱਲੀ ਵੱਲ ਜਾਣ ਵਾਲੀ ਆਵਾਜਾਈ ਨੂੰ ਵਾਇਆ ਬਨੂੜ-ਡੇਰਾਬਸੀ ਭੇਜਣਾ ਸੁਰੂ ਕਰ ਦਿੱਤਾ।

ਦੂਜੇ ਪਾਸੇ ਵੱਡੀ ਗਿਣਤੀ ਕਿਸਾਨ ਚੰਡੀਮੰਦਰ ਟੌਲ ਪਲਾਜਾ 'ਤੇ ਇਕੱਠੇ ਹੋਏ ਤੇ ਹਰਿਆਣਾ ਸਰਕਾਰ ਖਲਿਾਫ ਨਾਅਰੇਬਾਜੀ ਕੀਤੀ। ਇਸ ਮੌਕੇ ਵੱਡੀ ਗਿਣਤੀ ਵਿਚ ਕਿਸਾਨ ਔਰਤਾਂ ਵੀ ਸ਼ਾਮਲ ਸਨ। ਇਸ ਮੌਕੇ ਪੁਲੀਸ ਨੇ ਟੌਲ ਪਲਾਜਾ ਖੇਤਰ ਨੂੰ ਸਾਰੇ ਪਾਸਿਉਂ ਘੇਰ ਲਿਆ। ਇਸ ਤੋਂ ਇਲਾਵਾ ਕਿਸਾਨਾਂ ਨੇ ਬਰਵਾਲਾ ਵਿਚ ਨੱਗਲ ਟੌਲ ਪਲਾਜਾ 'ਤੇ ਵੀ ਟਰੈਫਿਕ ਜਾਮ ਕੀਤਾ। ਕਿਸਾਨਾਂ ਨੇ ਜ਼ੀਰਕਪੁਰ-ਕਾਲਕਾ ਟੌਲ ਪਲਾਜ਼ਾ ਸੂਰਜਪੁਰ ਉੱਤੇ ਟ੍ਰੈਫਿਕ ਜਾਮ ਕਰ ਦਿੱਤਾ।



## ਕੋਰੋਨਾ: ਬੰਗਾਲ 'ਚ 15 ਸਤੰਬਰ ਤੱਕ ਪਾਬੰਦੀਆਂ ਲਾਗੂ, ਰਾਤ 11 ਤੋਂ ਸਵੇਰੇ 5 ਵਜੇ ਤੱਕ ਰਹੇਗਾ ਨਾਈਟ ਕਰਫਿਊ

**ਕੋਲਕਾਤਾ/ਲੋਕ ਬਾਣੀ** : ਦੇਸ਼ ਵਿੱਚ ਕੋਰੋਨਾ ਇਕ ਵਾਰ ਫਿਰ ਤੇਜੀ ਨਾਲ ਵੱਧ ਰਿਹਾ ਹੈ। ਹਾਲਾਂਕਿ ਕੁੱਝ ਸੂਬਿਆਂ ਵਿੱਚ ਵਧਦੇ ਮਾਮਲਿਆਂ ਨੇ ਕੇਂਦਰ ਸਰਕਾਰ ਦੀ ਚਿੰਤਾ ਵਧਾ ਦਿੱਤੀ ਹੈ। ਤੀਜੀ ਲਹਿਰ ਦੇ ਖਦਸ਼ੇ ਦੇ ਵਿੱਚ ਕਈ ਸੂਬਿਆਂ ਵਿੱਚ ਸੁਰੱਖਿਆ ਦੇ ਮੱਦੇਨਜਰ ਕਦਮ ਚੁੱਕੇ ਜਾ ਰਹੇ ਹਨ। ਇਸ ਸਭ ਤੋਂ ਵਿੱਚ ਬੰਗਾਲ ਦੀ ਮਮਤਾ ਬੈਨਰਜੀ ਸਰਕਾਰ ਨੇ ਸੂਬੇ ਵਿੱਚ ਲੱਗੀ ਕੋਰੋਨਾ ਪਾਬੰਦੀਆਂ ਨੂੰ 15 ਸਤੰਬਰ ਤੱਕ ਲਈ ਵਧਾ ਦਿੱਤਾ ਹੈ। ਇਸ ਦੇ ਨਾਲ-ਨਾਲ ਰਾਤ 11 ਵਜੇ ਤੋਂ ਸਵੇਰੇ 5 ਵਜੇ ਨਾਈਟ ਕਰਫਿਊ ਵੀ ਲਾਗੂ ਰਹੇਗਾ ਜਕਿਰਯੋਗ ਹੈ ਕਿ ਬੰਗਾਲ ਵਿੱਚ ਕੋਰੋਨਾ ਇਨਫੈਕਸ਼ਨ ਦੀ ਕੁਲ ਗਿਣਤੀ ਵੱਧਕੇ 15,46,237 ਹੋ ਗਈ ਹੈ, ਜਦੋਂ ਕਿ 18,410 ਲੋਕਾਂ ਦੀ ਹੁਣ ਤੱਕ ਜਾਨ ਜਾ ਚੁੱਕੀ ਹੈ। ਉਥੇ ਹੀ, ਕੇਂਦਰ ਨੇ ਸ਼ਨੀਵਾਰ ਨੂੰ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਇਹ ਯਕੀਨੀ ਕਰਨ ਲਈ ਕਿਹਾ ਕਿ ਅਗਲੀ ਤਿਉਹਾਰੀ ਸੀਜਨ ਦੌਰਾਨ ਕੋਈ ਵੱਡੀ ਭੀੜ ਇਕੱਠੀ ਨਾ ਹੋਵੇ। ਨਾਲ-ਨਾਲ ਕੋਰੋਨਾ ਦੇ ਫੈਲਾਅ ਨੂੰ ਰੋਕਣ ਲਈ ਸਰਗਰਮੀ ਨਾਲ ਕਦਮ ਚੁੱਕਣ ਨੂੰ ਵੀ ਕਿਹਾ ਹੈ।



## ਦਿੱਲੀ ਸਰਕਾਰ ਨੇ ਨਿੱਜੀ ਸਕੂਲਾਂ ਨੂੰ ਮੁੜ ਖੋਲ੍ਹਣ ਤੋਂ ਪਹਿਲਾਂ ਕਰਮੀਆਂ ਦੇ ਟੀਕਾਕਰਨ ਦਾ ਨਿਰਦੇਸ਼ ਦਿੱਤਾ

**ਨਵੀਂ ਦਿੱਲੀ/ਲੋਕ ਬਾਣੀ**

ਦਿੱਲੀ ਸਰਕਾਰ ਨੇ ਨਿੱਜੀ ਮਦਦ ਪ੍ਰਾਪਤ ਅਤੇ ਗੈਰ-ਮਦਦ ਪ੍ਰਾਪਤ ਸਕੂਲਾਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਇਕ ਸਤੰਬਰ ਤੋਂ ਜਮਾਤ 9ਵੀਂ ਅਤੇ 12ਵੀਂ ਲਈ ਸਕੂਲਾਂ ਨੂੰ ਮੁੜ ਖੋਲ੍ਹਣ ਤੋਂ ਪਹਿਲਾਂ ਆਪਣੇ ਅਧਿਆਪਕਾਂ ਅਤੇ ਕਰਮਚਾਰੀਆਂ ਦਾ ਟੀਕਾਕਰਨ ਕਰਵਾਉਣ। ਦਿੱਲੀ ਸਰਕਾਰ ਦੇ ਸਿੱਖਿਆ ਵਿਭਾਗ ਨੇ ਇਸ ਸੰਬੰਧ 'ਚ ਇਕ ਸਰਕੂਲਰ ਜਾਰੀ ਕੀਤਾ। ਇੱਥੇ ਕੋਰੋਨਾ ਦੀ ਸਥਿਤੀ 'ਚ ਸੁਧਾਰ ਤੋਂ ਬਾਅਦ, ਦਿੱਲੀ ਸਰਕਾਰ ਨੇ ਸ਼ੁੱਕਰਵਾਰ ਨੂੰ ਐਲਾਨ ਕੀਤਾ ਕਿ ਜਮਾਤ 9ਵੀਂ ਅਤੇ 12ਵੀਂ ਤੱਕ ਦੇ ਸਕੂਲ, ਕਾਲਜ ਅਤੇ ਕੋਚਿੰਗ ਸੰਸਥਾਵਾਂ ਇਕ ਸਤੰਬਰ ਤੋਂ ਮੁੜ ਖੁੱਲ੍ਹਣਗੀਆਂ। ਦਿੱਲੀ ਆਫਤ ਪ੍ਰਬੰਧਨ ਅਥਾਰਟੀ (ਡੀ.ਡੀ.ਐੱਮ.ਏ.) ਦੀ ਬੈਠਕ 'ਚ ਇਹ ਫੈਸਲਾ ਲਿਆ ਗਿਆ।




ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਲੁਧਿਆਣਾ ਮਿਲਟਰੀ ਸਟੇਸ਼ਨ ਵਿਖੇ ਮਹਿਲਾ ਸਮਾਨਤਾ ਦਿਵਸ ਮੌਕੇ ਸੈਮੀਨਾਰ ਆਯੋਜਿਤ




**ਲੁਧਿਆਣਾ/ਕਰਨ ਅਗਰਵਾਲ**

ਮਹਿਲਾ ਸਮਾਨਤਾ ਦਿਵਸ ਮੌਕੇ, ਲੁਧਿਆਣਾ ਮਿਲਟਰੀ ਸਟੇਸ਼ਨ 'ਤੇ ਕੋਵਿਡ-19 ਦੀਆਂ ਸਾਰੀਆਂ ਸਾਵਧਾਨੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ 26 ਅਗਸਤ 2021 ਨੂੰ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਪ੍ਰੋਗਰਾਮ ਦਾ ਵਿਸ਼ਾ 'ਚੁਣੌਤੀ ਚੁਣੋ' ਸੀ। ਪ੍ਰਸਿੱਧ ਮਨੋਵਿਗਿਆਨੀ ਡਾ. ਹਰਪ੍ਰੀਤ ਸਿੰਘ ਵੱਲੋਂ ਸਟੇਸ਼ਨ ਦੀਆਂ ਔਰਤਾਂ ਲਈ ਵਿਸ਼ੇਸ਼ ਲੈਕਚਰ ਦਾ ਆਯੋਜਨ ਕੀਤਾ ਗਿਆ। ਉਨ੍ਹਾਂ ਨੇ 'ਚੁਣੌਤੀ' ਸ਼ਬਦ 'ਤੇ ਜ਼ੋਰ ਦਿੱਤਾ ਅਤੇ ਸਮਝਾਇਆ ਕਿ ਸਕਾਰਾਤਮਕ ਇੱਛਾ ਸ਼ਕਤੀ ਅਤੇ ਇਰਾਦੇ ਨਾਲ, ਅੱਜ ਦੀਆਂ ਔਰਤਾਂ ਉਹ ਸਭ ਕੁਝ ਪ੍ਰਾਪਤ ਕਰ ਸਕਦੀਆਂ ਹਨ ਜਿਨ੍ਹਾਂ ਦੀ ਘਾਟ ਉਹਨਾਂ ਨੂੰ ਅਗੇ ਵੱਧਣ ਤੋਂ ਰੋਕਦੀ ਹੈ।ਮਰਦ ਸਮਾਜ ਦੀ ਮਾਨਸਿਕਤਾ ਦੀਆਂ ਰੁਕਾਵਟਾਂ ਨੂੰ ਤੋੜਦੇ ਹੋਏ, ਫੌਜ ਵਿੱਚ ਔਰਤਾਂ ਲੰਮੇ ਸਮੇਂ ਤੋਂ ਫੌਜ ਦੇ ਸਭਿਆਚਾਰ ਅਤੇ ਸਦਾਚਾਰ ਪ੍ਰਤੀ ਯੋਗਦਾਨ ਦੇਣ ਵਾਲੀ ਸ਼ਕਤੀ ਰਹੀਆਂ ਹਨ. ਉਹ ਫੌਜੀ ਪਰਿਵਾਰ ਦਾ ਅਟੁੱਟ ਅੰਗ ਹਨ. ਉਹ ਫੌਜੀ ਪੇਸ਼ੇ ਵਿੱਚ ਆਪਣੇ ਸਾਂਝੇ ਤਜ਼ਰਬਿਆਂ, ਕਦਰਾਂ ਕੀਮਤਾਂ ਅਤੇ ਭਾਵਨਾਵਾਂ ਨੂੰ ਅਸਿੱਧੇ ਰੂਪ ਵਿੱਚ ਸਾਂਝਾ ਕਰਦੀਆਂ ਹਨ। ਮਿਲਟਰੀ ਜੀਵਨਸਾਥੀ ਮਿਸ਼ਨ ਦਾ ਉਦੇਸ਼ ਉਨ੍ਹਾਂ ਪਤਨੀਆਂ ਦਾ ਸਨਮਾਨ, ਸਮਰਥਨ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨਾ ਹੈ ਜੋ ਘਰ ਦੀ ਦੇਖਭਾਲ ਕਰਦੀਆਂ ਹਨ ਕਿਉਂਕਿ ਉਨ੍ਹਾਂ ਦੇ ਪਿਆਰੇ ਸਾਡੀ ਆਜ਼ਾਦੀ ਦੀ ਰਾਖੀ ਕਰਦੇ ਹਨ।

ਸਮਾਗਮ ਦੌਰਾਨ ਮਹਿਲਾ ਸੈਨਿਕਾਂ ਨੇ ਕੰਮ ਕਰਨ ਦੇ ਆਪਣੇ ਤਜ਼ਰਬੇ ਅਤੇ ਕੰਮ ਅਤੇ ਘਰ ਦੀਆਂ ਦੋਹਰੀਆਂ ਜ਼ਿੰਮੇਵਾਰੀਆਂ ਨਾਲ ਦਰਪੇਸ਼ ਚੁਣੌਤੀਆਂ ਨੂੰ ਸਾਂਝਾ ਕੀਤਾ। ਇਸ ਮੌਕੇ ਫੌਜੀ ਪਰਿਵਾਰਾਂ ਦੀਆਂ ਉਨ੍ਹਾਂ ਔਰਤਾਂ, ਜਿਨ੍ਹਾਂ ਨੇ ਸਮਾਜ ਵਿੱਚ ਯੋਗਦਾਨ ਪਾਇਆ ਪਰ ਅਣਸੁਣੀਆਂ ਰਹੀਆਂ, ਨੂੰ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਦੁਆਰਾ ਦਿਖਾਈ ਗਈ ਅਦਭੁਤ ਸਮਰਪਣ ਭਾਵਨਾ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ।ਅੱਜ ਦੇ ਦੌਰ ਵਿੱਚ ਔਰਤਾਂ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਜੀਵਨ ਦੇ ਹਰ ਖੇਤਰ ਵਿੱਚ ਮਰਦਾਂ ਦੇ ਬਰਾਬਰ ਹਨ। ਮਹਿਲਾ ਸਮਾਨਤਾ ਦਿਵਸ ਰਾਸ਼ਟਰ ਨਿਰਮਾਣ ਵਿੱਚ ਔਰਤਾਂ ਦੇ ਯੋਗਦਾਨ ਦਾ ਪ੍ਰਤੀਕ ਹੈ।

# ਪੀ.ਵਾਈ.ਡੀ.ਬੀ. ਦੇ ਚੇਅਰਮੈਨ ਵੱਲੋਂ ਮਿਲੇਨੀਅਮ ਵਰਲਡ ਸਕੂਲ ਵਿਖੇ 5ਵੀਂ ਸੂਬਾ ਪੱਧਰੀ ਸੀਨੀਅਰ ਨੈਸ਼ਨਲ ਫਿਸਟਬਾਲ ਚੈਂਪੀਅਨਸ਼ਿਪ ਦਾ ਉਦਘਾਟਨ




**ਲੁਧਿਆਣਾ/ਕਰਨ ਅਗਰਵਾਲ**

ਪੰਜਾਬ ਯੂਥ ਡਿਵੈਲਪਮੈਂਟ ਬੋਰਡ (ਪੀ.ਵਾਈ.ਡੀ.ਬੀ.) ਦੇ ਚੇਅਰਮੈਨ ਸ੍ਰੀ ਸੁਖਵਿੰਦਰ ਸਿੰਘ ਬਿੰਦਰਾ ਵੱਲੋਂ ਅੱਜ ਮਿਲੇਨੀਅਮ ਵਰਲਡ ਸਕੂਲ ਵਿਖੇ 5ਵੀਂ ਸੂਬਾ ਪੱਧਰੀ ਸੀਨੀਅਰ ਨੈਸ਼ਨਲ ਫਿਸਟਬਾਲ ਚੈਂਪੀਅਨਸ਼ਿਪ ਦਾ ਉਦਘਾਟਨ ਕੀਤਾ। ਪੰਜਾਬ ਫਿਸਟਬਾਲ ਐਸੋਸੀਏਸ਼ਨ ਦੇ ਵਾਈਸ ਚੇਅਰਮੈਨ ਸ.ਮਨਦੀਪ ਸਿੰਘ ਸਾਹਨੇਵਾਲ, ਪੀ.ਐਫ.ਏ. ਦੇ ਚੇਅਰਮੈਨ ਸ.ਰਮਿੰਦਰ ਸਿੰਘ, ਸ.ਹਰਵਿੰਦਰ ਪੱਪੀ, ਡਾਇਰੈਕਟਰ ਮਿਲੇਨੀਅਮ ਵਰਲਡ ਸਕੂਲ ਜਸ਼ਨ ਚਾਵਲਾ, ਪ੍ਰਿੰਸੀਪਲ ਗੁਰਪ੍ਰੀਤ ਕੌਰ ਦੇ ਨਾਲ ਸ੍ਰੀ ਬਿੰਦਰਾ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਖੇਡ ਵਾਤਾਵਰਣ ਨੂੰ ਬੇਹਦ ਹੁਲਾਰਾ ਦੇ ਰਹੀ ਹੈ ਤਾਂ ਜੋ ਖੇਡਾਂ ਦੇ ਖੇਤਰ ਵਿੱਚ ਪੰਜਾਬ ਦੀ ਪੁਰਾਣੀ ਸ਼ਾਨ ਨੂੰ ਬਹਾਲ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਵਿੱਚ ਰਾਜ ਵਿੱਚ ਖੇਡਾਂ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਗਏ ਅਤੇ ਹਰੇਕ ਜ਼ਿਲ੍ਹੇ ਵਿੱਚ ਆਧੁਨਿਕ ਲੀਹਾਂ 'ਤੇ ਖੇਡਾਂ ਦਾ ਬੁਨਿਆਦੀ ਢਾਂਚਾ ਵਿਕਸਤ ਕੀਤਾ ਜਾ ਰਿਹਾ ਹੈ। ਮੁੱਖ ਮਹਿਮਾਨ ਨੇ ਸਾਰਿਆਂ ਨੂੰ ਖੇਡਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਅਤੇ ਪ੍ਰਬੰਧਕਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਸਮਾਗਮ ਦੌਰਾਨ ਖਿਡਾਰੀਆਂ ਨੂੰ ਖੇਡ ਕਿੱਟਾਂ ਵੀ ਸੌਂਪੀਆਂ। ਟੂਰਨਾਮੈਂਟ ਵਿੱਚ, ਦੇਸ਼ ਭਰ ਤੋਂ ਲਗਭਗ 23 ਟੀਮਾਂ ਨੇ ਮੈਚਾਂ ਵਿੱਚ ਹਿੱਸਾ ਲਿਆ. ਵੱਖ -ਵੱਖ ਰਾਜਾਂ ਦੇ ਵਿੱਚ ਬਹੁਤ ਉਤਸ਼ਾਹ ਅਤੇ ਟੀਮ ਭਾਵਨਾ ਨਾਲ ਮੈਚ ਖੇਡੇ ਗਏ। ਸਮਾਪਤੀ ਸਮਾਰੋਹ ਐਤਵਾਰ (29 ਅਗਸਤ) ਨੂੰ ਹੋਵੇਗਾ ਅਤੇ ਜੇਤੂ ਟੀਮ ਅਕਤੂਬਰ ਮਹੀਨੇ ਵਿੱਚ ਹੋਣ ਵਾਲੀ ਅੰਤਰਰਾਸ਼ਟਰੀ ਫਿਸਟਬਾਲ ਚੈਂਪੀਅਨਸ਼ਿਪ ਵਿੱਚ ਭਾਗ ਲਵੇਗੀ।

# ਪੁਲਿਸ ਕਮਿਸ਼ਨਰ ਵੱਲੋਂ ਭਾਰ ਢੋਹਣ ਵਾਲੀਆਂ ਗੱਡੀਆਂ 'ਤੇ ਆਮ ਜਨਤਾ ਨੂੰ ਲਿਜਾਣ ਤੇ ਢੋਣ 'ਤੇ ਪਾਬੰਦੀ ਦੇ ਹੁਕਮ ਜਾਰੀ

**ਲੁਧਿਆਣਾ/ਸੁਖਚੈਨ ਮਹਿਰਾ**

ਪੁਲਿਸ ਕਮਿਸ਼ਨਰ ਲੁਧਿਆਣਾ ਸ. ਨੌਨਿਹਾਲ ਸਿੰਘ ਨੇ ਜ਼ਾਬਤਾ ਫੌਜਦਾਰੀ ਸੰਘਤਾ 1973 (1974 ਦਾ ਐਕਟ ਨੰ 2) ਦੀ ਧਾਰਾ 144 ਸੀ.ਆਰ.ਪੀ.ਸੀ. ਅਧੀਨ ਸੌਂਪੇ ਗਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪੁਲਿਸ ਕਮਿਸ਼ਨਰੇਟ, ਲੁਧਿਆਣਾ ਦੇ ਏਰੀਏ ਅੰਦਰ ਭਾਰ ਢੋਹਣ ਵਾਲੀਆਂ ਗੱਡੀਆਂ ਜਿੰਨਾ 'ਤੇ ਆਮ ਜਨਤਾ ਨੂੰ ਲਿਜਾਣ ਅਤੇ ਢੋਣ 'ਤੇ ਤਰੁੰਤ ਪਾਬੰਦੀ ਲਗਾਈ ਹੈ।



ਉਨ੍ਹਾਂ ਕਮਿਸਨਰੇਟ ਲੁਧਿਆਣਾ ਦੇ ਇਲਾਕੇ ਅੰਦਰ ਵੱਖ-ਵੱਖ ਕਿਸਮ ਦੀਆਂ ਭਾਰ ਢੋਹਣ ਵਾਲੀਆਂ ਗੱਡੀਆਂ ਜਿੰਨਾ ਵਿਚ ਤਿੰਨ ਪਹੀਆ, ਚਾਰ ਪਹੀਆ ਜਾਂ ਇਸ ਤੋ ਵੱਧ ਪਹੀਆ ਵਾਲੀਆਂ ਗੱਡੀਆਂ ਸਵਾਰੀਆਂ ਸਰੇਆਮ ਢੋਹਦੀਆਂ ਹਨ, ਜੋ ਕਿ ਗੈਰ ਕਾਨੂੰਨੀ ਅਤੇ ਮੋਟਰ ਵਹੀਕਲ ਐਕਟ ਦੇ ਨਿਯਮਾਂ ਦੀ ਘੋਰ ਉਲੰਘਣਾਂ ਹੈ ਅਤੇ ਮਨੁੱਖੀ ਜਾਨਾਂ ਲਈ ਵੀ ਖਤਰਨਾਕ ਸਿੱਧ ਹੋ ਸਕਦੀਆਂ ਹਨ, ਕਈ ਵਾਰੀ ਅਜਿਹੇ ਅਣਸੁਖਾਵੇ ਹਾਦਸੇ ਵੀ ਵਾਪਰਦੇ ਹਨ ਜਿੰਨਾ ਵਿਚ ਕੀਮਤੀ ਜਾਨਾਂ ਅਜਾਈਂ ਚਲੀਆਂ ਜਾਂਦੀਆ ਹਨ। ਇਸ ਲਈ ਆਮ ਜਨਤਾ ਦੀ ਜਾਨ ਅਤੇ ਮਾਲ ਦੀ ਸੁਰਖਿਆ ਨੂੰ ਮੁੱਖ ਰਖਦੇ ਹੋਏ ਅਤੇ ਪਬਲਿਕ ਹਿੱਤ ਵਿਚ ਇਸ ਗੈਰ ਕਾਨੂੰਨੀ ਕਾਰਵਾਈ ਨੂੰ ਰੋਕਣ ਲਈ ਪੁਲਿਸ ਕਮਿਸਨਰੇਟ ਲੁਧਿਆਣਾ ਦੇ ਏਰੀਏ ਅੰਦਰ ਅਜਿਹੀਆਂ ਭਾਰ ਢੋਹਣ ਵਾਲੀਆਂ ਗੱਡੀਆਂ ਜਿੰਨਾ ਵਿਚ ਤਿੰਨ ਪਹੀਆ, ਚਾਰ ਪਹੀਆ ਜਾਂ ਇਸ ਤੋ ਵੱਧ ਪਹੀਆ ਵਾਲੀਆ ਗੱਡੀਆਂ ਸ਼ਾਮਲ ਹਨ 'ਤੇ ਆਮ ਜਨਤਾ ਨੂੰ ਲਿਜਾਣ ਅਤੇ ਢੋਣ 'ਤੇ ਤਰੁੰਤ ਪਾਬੰਦੀ ਲਗਾਈ ਹੈ।

# ਸੰਤ ਬਾਬਾ ਨੰਦ ਸਿੰਘ ਜੀ ਨਾਨਕਸਰ ਵਾਲਿਆਂ ਦੀ 78ਵੀਂ ਬਰਸੀ ਮੌਕੇ ਗੁਰਦੁਆਰਾ ਨਾਨਕਸਰ ਕਲੇਰਾਂ ਵਿਖੇ ਕੈਪਟਨ ਸੰਦੀਪ ਸਿੰਘ ਸੰਧੂ ਹੋਏ ਨਤਮਸਤਕ



**ਜਗਰਾਓਂਨਾਨਕਸਰ/ਸੁਖਚੈਨ ਮਹਿਰਾ**

ਅੱਜ ਗੁਰਦੁਆਰਾ ਨਾਨਕਸਰ ਕਲੇਰਾਂ (ਜਗਰਾਉਂ) ਵਿਖੇ ਸੰਤ ਬਾਬਾ ਨੰਦ ਸਿੰਘ ਜੀ ਨਾਨਕਸਰ ਵਾਲਿਆਂ ਦੀ 78ਵੀਂ ਬਰਸੀ ਦੇ ਨਮਿਤ ਚੱਲ ਰਹੇ ਪੰਜ ਰੋਜ਼ਾ ਸਮਾਗਮ ਦੌਰਾਨ ਕੈਪਟਨ ਸੰਦੀਪ ਸਿੰਘ ਸੰਧੂ, ਸਿਆਸੀ ਸਲਾਹਕਾਰ, ਮੁੱਖ ਮੰਤਰੀ ਪੰਜਾਬ ਨਤਮਸਤਕ ਹੋਏ। ਇਸ ਮੌਕੇ ਓਹਨਾਂ ਉਨ੍ਹਾਂ ਸਰਬੱਤ ਦੇ ਭਲੇ ਲਈ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਨਾਨਕਸਰ ਭਗਤੀ ਦਾ ਘਰ ਹੈ ਜਿੱਥੇ ਸੰਤ ਬਾਬਾ ਨੰਦ ਸਿੰਘ ਜੀ ਨੇ ਤਪੱਸਿਆ ਕੀਤੀ ਅਤੇ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਕੀਤਾ। ਉਨ੍ਹਾਂ ਕਿਹਾ ਕਿ ਜੋ ਵੀ ਵਿਅਕਤੀ ਸੱਚੀ ਸ਼ਰਧਾ ਨਾਲ ਇਸ ਪਵਿੱਤਰ ਅਸਥਾਨ 'ਤੇ ਅਰਦਾਸ ਬੇਨਤੀ ਕਰਦਾ ਹੈ ਉਸਦਾ ਜੀਵਨ ਸਫਲਾ ਹੋ ਜਾਂਦਾ ਹੈ। ਸਲਾਨਾ ਬਰਸੀ ਸਮਾਗਮਾਂ ਦੌਰਾਨ ਦੇਸ਼-ਵਿਦੇਸ਼ ਤੋਂ ਲੱਖਾਂ ਸੰਗਤਾਂ ਸ਼ਰਧਾ ਭਾਵ ਨਾਲ ਗੁਰਬਾਣੀ ਸੁਣਨ ਅਤੇ ਦਰਸ਼ਨ ਕਰਨ ਆਉਂਦੀਆਂ ਹਨ ਉੱਥੇ ਹੀ ਉਨ੍ਹਾਂ ਨੂੰ ਵੀ ਗੁਰਬਾਣੀ ਸੁਣਨ ਅਤੇ ਦਰਸ਼ਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਕਿ ਉਹ ਭਾਗਾਸ਼ਾਲੀ ਹਨ ਜੋ ਇਸ ਪਵਿੱਤਰ ਅਵਸਰ ਦੌਰਾਨ ਇਸ ਪਵਿੱਤਰ ਅਥਥਾਨ ਤੇ ਨਤਮਸਤਕ ਹੋਏ ਹਨ। ਇਸ ਮੌਕੇ ਉਨ੍ਹਾਂ ਮਹਾਂਪੁਰਸ਼ਾਂ ਦੇ ਪਵਿੱਤਰ ਵਚਨ ਸੁਣੇ ਅਤੇ ਮਹਾਂਪੁਰਸ਼ਾਂ ਤੋਂ ਆਸ਼ੀਰਵਾਦ ਲਿਆ।

ਇਸ ਦੌਰਾਨ ਹਲਕਾ ਦਾਖਾ ਦੇ ਵੱਖ-ਵੱਖ ਪਿੰਡਾਂ ਦੀਆਂ ਸੰਗਤਾਂ ਵੱਲੋਂ ਲਗਾਈ ਗਈ ਲੰਗਰ ਸੇਵਾ 'ਚ ਹਾਜਰੀ ਭਰੀ ਅਤੇ ਸੰਗਤਾਂ ਦੀ ਸੇਵਾ ਕੀਤੀ।

# ਸਿਵਲ ਸਰਜਨ ਵੱਲੋਂ ਕੋਵਿਡ ਦੀ ਸੰਭਾਵਿਤ ਤੀਜ਼ੀ ਲਹਿਰ ਤੋਂ ਬਚਾਅ ਲਈ ਟੀਕਾਕਰਨ 'ਤੇ ਦਿੱਤਾ ਜ਼ੋਰ -ਕਿਹਾ ! ਖ਼ਤਰਾ ਅਜੇ ਬਰਕਰਾਰ ਹੈ, ਕੋਵਿਡ ਪ੍ਰੋਟੋਕਾਲ ਦੀ ਕੀਤੀ ਜਾਵੇ ਸਖ਼ਤੀ ਨਾਲ ਪਾਲਣਾ

**ਲੁਧਿਆਣਾ/ਕਰਨ ਅਗਰਵਾਲ**

ਸਿਵਲ ਸਰਜਨ ਲੁਧਿਆਣਾ ਡਾ. ਕਿਰਨ ਆਹਲੂਵਾਲੀਆ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਪੰਜਾਬ ਸਰਕਾਰ ਸਿਹਤ ਵਿਭਾਗ ਵਲੋ ਜਾਰੀ ਹਦਾਇਤਾਂ ਅਨੁਸਾਰ ਕੋਵਿਡ ਦੇ ਕੇਸਾਂ ਦੇ ਵਾਧੇ ਨੂੰ ਰੋਕਣ ਲਈ ਪੰਜਾਬ ਸਟੇਟ ਦੇ ਐਂਟਰੀ ਪਆਇੰਟ, ਬੱਸ ਅੱਡੇ, ਸਕੂਲ ਵਿਦਿਆਰਥੀ, ਅਧਿਆਪਕ, ਹਸਪਤਾਲ ਸਰਕਾਰੀ ਅਤੇ ਪ੍ਰਾਈਵੇਟ ਵਿਚ ਦਾਖਲ ਮਰੀਜ਼ ਅਤੇ ਓ.ਪੀ.ਡੀ. ਮਰੀਜ਼ ਲੇਬਰ ਕਲੋਨੀਆਂ, ਉਦਯੋਗ ਖੇਤਰ ਵਿਚ ਕੰਮ ਕਰਦੇ ਕਾਮੇ, ਨਸ਼ਾ ਛੁਡਾਉ ਕੇਦਰ, ਜਿੰਮ ਅਤੇ ਰੈਸਟੋਰੈਂਟ ਨਾਲ ਸਬੰਧਤ ਲੋਕਾਂ ਦੇ ਕੋਵਿਡ ਟੈਸਟ ਜਰੂਰੀ ਹਨ।

ਡਾ ਕਿਰਨ ਆਹੂਲਵਾਲੀਆ ਨੇ ਜਨਤਾ ਨੂੰ ਸੁਚੇਤ ਕਰਦੇ ਹੋਏ ਕਿਹਾ ਕਿ ਭਾਵੇ ਅੱਜ ਕੋਰੋਨਾ ਦੇ ਕੇਸ ਘੱਟ ਹਨ, ਪ੍ਰੰਤੂ ਕਿਸੇ ਵੀ ਤਰ੍ਹਾਂ ਦੀ ਬੇਧਿਆਨੀ ਕਾਰਨ ਕੋਰੋਨਾ ਕੇਸ ਫਿਰ ਤੋ ਵੱਧ ਸਕਦੇ ਹਨ।

ਉਨਾਂ ਜਨਤਾ ਨੂੰ ਅਪੀਲ ਕੀਤੀ ਕਿ ਸਿਹਤ ਵਿਭਾਗ ਦੇ ਕਰਮਚਾਰੀ ਜੋ ਕੋਵਿਡ ਸੈਂਪਲ ਲੈਂਦੇ ਹਨ, ਉਨਾਂ ਨੂੰ ਸਹਿਯੋਗ ਦਿੱਤਾ ਜਾਵੇ ਅਤੇ ਵੱਧ ਤੋ ਵੱਧ ਕੋਵਿਡ ਟੈਸਟ ਕਰਵਾਉਣ ਤਾ ਜ਼ੋ ਲੋੜ ਅਨੁਸਾਰ ਪ੍ਰਭਾਵਿਤ ਵਿਅਕਤੀਆਂ ਨੂੰ ਇਕਾਂਤਵਾਸ ਕੀਤਾ ਜਾ ਸਕੇ ਅਤੇ ਲੋੜੀਦੀ ਡਾਕਟਰੀ ਸਾਹਾਇਤਾ ਮੁਹੱਈਆ ਕਰਵਾਈ ਜਾ ਸਕੇ। ਡਾ. ਰਮੇਸ ਕੁਮਾਰ ਜਿਲ੍ਹਾ ਐਪੀਡੀਮੋਲੋਜਿਸਟ ਨੇ ਦੱਸਿਆ ਕਿ ਇਸ ਦੇ ਨਾਲ ਜਰੂਰੀ ਹੈ ਕਿ ਕਿਸੇ ਵੀ ਤਰਾਂ ਦਾ ਸਮਾਨ ਵੰਡਣ ਵਾਲੇ ਵਿਅਕਤੀ, ਫਲ ਅਤੇ ਸਬਜ਼ੀ ਵਿਕਰੇਤਾ, ਸੈਲੂਨ ਆਦਿ ਵਾਲੇ ਵਿਅਕਤੀਆਂ ਦਾ ਵੀ ਕੋਵਿਡ ਟੈਸਟ ਜਰੂਰੀ ਹੈ ਜੋ ਕਿ ਆਪਣੇ ਏਰੀਏ ਦੀਆਂ ਟੀਮਾਂ ਤੋ ਕਰਵਾ ਸਕਦੇ ਹਨ। ਉਨਾ ਦੱਸਿਆ ਕਿ ਕੋਰੋਨਾ ਦੇ ਬਚਾਉ ਲਈ ਜਰੂਰੀ ਹੈ ਕਿ ਮਾਸਕ ਪਹਿਨਿਆ ਜਾਵੇ, ਸਮਾਜਿਕ ਦੂਰੀ ਰੱਖੀ ਜਾਵੇ, ਹੱਥ ਸਾਬਣ ਅਤੇ ਪਾਣੀ ਨਾਲ ਸਾਫ ਕੀਤੇ ਜਾਣ ਅਤੇ ਕੋਰੋਨਾ ਵੈਕਸੀਨ ਲਗਵਾਈ ਜਾਵੇ। ਜੇਕਰ ਅਸੀ ਕੋਵਿਡ ਸਾਵਧਾਨੀਆਂ ਦੀ ਪਾਲਣਾ ਕਰਾਂਗੇ ਤਾਂ ਸੰਭਾਵਿਤ ਕੋਵਿਡ ਦੀ ਤੀਸਰੀ ਲਹਿਰ ਤੋਂ ਬਚਿਆ ਜਾ ਸਕਦਾ ਹੈ।



# ਚਾਈਲਡ ਲਾਈਨ ਗੁਰਦਾਸਪੁਰ ਵੱਲੋਂ ਰੁੱਖ ਲਗਾਓ ਮਹਿਮ ਉਪਰ ਕਰਵਾਇਆ ਪੇਂਟਿੰਗ ਮੁਕਬਲਾ

**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਸਲੱਮ ਏਰਿਆ,ਮਾਨ ਕੌਰ ਵਿੱਚ ਚਾਈਲਡ ਲਾਈਨ ਗੁਰਦਾਸਪੁਰ ਵੱਲੋਂ ਪ੍ਰੀਲਿਮਨਰੀ ਸਟਡੀ ਸੈਂਟਰ ਦੇ ਬੱਚਿਆਂ ਵਿੱਚ ਪੇਟਿੰਗ ਮੁਕਾਬਲੇ ਦਾ ਉਤਸਾਹ ਦੇਖਦੇ ਹੋਏ, ਲਾਇਨਜ ਕਲੱਬ ਕਾਹਨੂੰਵਾਨ ਫਤਿਹ ਵੱਲੋਂ ਬੱਚਿਆਂ ਵਿੱਚ ਇੱਕ ਪੇਟਿੰਗ ਮੁਕਬਲਾ ਕਰਵਾਇਆ ਗਿਆ ਜਿਸ ਵਿੱਚ ਰੁੱਖ ਲਗਾਓ ਵਿਸ਼ੇ ਉੱਪਰ ਪੈਂਟਿਗ ਬਣਾਈ ਗਈ ।ਇਸ ਮੋਕੇ ਤੇ ਲਾਇਨ ਜੀ.ਐਸ.ਸੇਠੀ ਗਵਰਨਰ, ਲਾਇਨ ਹਰਜੀਤ ਸਿੰਘ ਮੁੱਖ ਮਹਿਮਾਨ ਵਜੋਂ ਸਾਮਿਲ ਹੋਏ । ਇਸ ਤੋਂ ਇਲਾਵਾ ਲਾਇਨ ਡਾ ਐਰ.ਐਸ ਬਾਜਵਾ,ਲਾਇਨ ਸਤਨਾਮ ਸਿੰਘ,ਲਾਇਨ ਕੰਨਵਰਪਾਲ ਸਿੰਘ ਵੀ ਮੋਜੂਦ ਸਨ । ਇਸ ਮੋਕੇ ਤੇ ਬੱਚਿਆਂ ਨੇ ਭਾਗ ਲਿਆ ਅਤੇ ਜੇਤੂ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ । । ਇਸ ਤੋਂ ਇਲਵਾ ਕਲੱਬ ਨੇ ਬੱਚਿਆਂ ਨੂੰ ਖਾਣ ਪੀਣ ਦੀਆਂ ਵਸਤਾਂ ਵੀ ਵੰਡੀਆਂ ਗਈਆਂ । ਪ੍ਰੋਜੈਕਟ ਡਾਇਰੈਕਟਰ ਰੋਮੇਸ਼ ਮਹਾਜਨ, ਨੈਸਨਲ ਐਵਾਰਡੀ, ਨੇ ਦੱਸਿਆ ਕਿ ਬੱਚਿਆਂ ਨੂੰ ਰੁੱਖ ਲਗਾਉ ਲਈ ਪ੍ਰੇਰੀਤਾ ਕਰਨਾ ਬਹੁਤ ਜਰੂਰੀ ਹੈ ਤਾਂ ਜੋ ਬੱਚਿਆ ਦਾ ਰੁਝਾਣ ਬਾਗਵਾਨੀ ਵੱਲ ਵਧਾਈਆ ਜਾ ਸਕੇ ।ਇਸ ਤੋਂ ਇਲਾਵਾ ਕਲੱਬ ਵੱਲੋਂ ਬੱਚਿਆਂ ਦੇ ਕੋਲੋ ਸਲੱਮ ਏਰੀਆ ਵਿੱਚ ਪੋਦੇ ਵੀ ਲਗਾਏ ਗਏ । ਇਸਦੇ ਨਾਲ ਹੀ ਕਲੱਬ ਵੱਲੋਂ ਇੱਕ ਲੜਕੀ ਨੂੰ ਗੋਦ ਲਿਆ ਗਿਆ । ਜਿਸ ਦਾ ਸਾਰਾ ਪੜਾਈ ਤੋਂ ਲੈ ਕੇ ਮੈਡੀਕਲ ਦਾ ਖਰਚਾ ਡਾ ਆਰ.ਐਸ.ਬਾਜਵਾ ਵੱਲੋਂ ਚੁਕਿਆ ਗਿਆ । ਉਹਨਾਂ ਨੇ ਇਸ ਬੱਚੀ ਦੀ ਪੜਾਈ ਲਈ 2 ਅਧਿਆਪਕ ਵੀ ਨਿਯੁਕਤ ਕੀਤੇ ਤਾਂ ਜੋ ਬੱਚੀ ਨੂੰ ਪੜਾ ਲਿਖਾ ਕੇ ਡਾਕਟਰ ਬਣਾਇਆ ਜਾ ਸਕੇ । ਜਿਸਦਾ ਸਾਰਾ ਖਰਚਾ ਡਾ ਬਾਜਵਾ ਚੇਅਰਮੈਨ ਕਲੱਬ ਵੱਲੋਂ ਕੀਤਾ ਜਾਵਿਗਾ ।ਇਸ ਮੋਕੇ ਤੇ ਬੱਚਿਆਂ ਨੂੰ ਪਾਣੀ ਬਚਾਓ, ਰੁੱਖ ਲਗਾਓ ਅਤੇ ਪੌਦੇ ਲਗਾਓ ਤੇ ਸੰਬੋਧਨ ਕੀਤਾ ਗਿਆ । ਅਤੇ ਬੱਚਿਆਂ ਨੇ ਕਸਮ ਖਾਦੀ ਕਿ ਉਹ ਹਰ ਸਾਲ ਆਪਣੇ ਜਨਮ ਦਿਨ ਤੇ 2-2 ਪੌਦੇ ਲਗਾਉਣ ਗੇ ਤਾਂ ਜੋ ਵਾਤਾਵਰਨ ਨੂੰ ਸਾਫ ਸੁਥਰਾ ਬਣਾਇਆ ਜਾ ਸਕੇ ।ਇਸ ਮੋਕੇ ਪ੍ਰੋਜੇਕਟ ਕੋਆਡੀਨੇਟਰ ਜੈ ਰਘੁਵੀਰ, ਜਗੀਰ ਸਿੰਘ,ਪੰਕਜ ਸ਼ਰਮਾ, ਭਰਤ ਸ਼ਰਮਾ, ਅਨੀਤਾ ਗਿਲ਼ ਹਾਜਿਰ ਸਨ ।

# ਸ਼ਾਤੀ ਦੇਵੀ ਕਾਲਜ ’ਚ ਪਲੇਸਮੈਂਟ ਕੈਂਪ ਦਾ ਆਯੋਜਨ



**ਦੀਨਾਨਗਰ/ਡਾ.ਰਮੇਸ਼ ਸਰੰਗਲ**

ਸਾਂਤੀ ਦੇਵੀ ਆਰੀਆ ਮਹਿਲਾ ਕਾਲਜ ਦੀਨਾਨਗਰ ਦੇ ਪਲੇਸਮੈਂਟ ਸੈੱਲ ਨੇ ਪ੍ਰਿੰਸੀਪਲ ਡਾ. ਰੀਨਾ ਤਲਵਾੜ ਤੇ ਕਾਲਜ ਪ੍ਰਬੰਧਕ ਕਮੇਟੀ ਦੇ ਸਕੱਤਰ ਧਰਮ ਇੰਦੂ ਗੁਪਤਾ ਨੇ ਪਲੇਸਮੈਂਟ ਕੈਂਪ ਵਾਲਿਆਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਅਜਿਹੇ ਸਮਾਗਮਾਂ ਵਿੱਚ ਸਾਮਲ ਹੋਣ ਲਈ ਵੀ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਕਾਲਜ ਅਕਸਰ ਵਿਦਿਆਰਥੀਆਂ ਦੇ ਲਾਭਾਂ ਲਈ ਅਜਿਹੇ ਸਮਾਗਮਾਂ ਦਾ ਆਯੋਜਨ ਕਰਦਾ ਹੈ. ਇਸ ਮੌਕੇ ਤੇ ਰਾਜੇਸ ਤਾਠੂ ਅਤੇ ਆਈਸੀਆਈਸੀਆਈ ਬੈਂਕ ਦੀ ਭਰਤੀ ਕਰਨ ਵਾਲੀ ਸਵੇਤਾ ਵੈਦ ਨੇ ਇਸ ਪਲੇਸਮੈਂਟ ਡਰਾਈਵ ਦਾ ਸੰਚਾਲਨ ਕੀਤਾ. ਸੁਰੂ ਵਿੱਚ, ਰਾਜੇਸ ਨੇ ਇੰਟਰਵਿਊ ਦੀ ਸਾਰੀ ਪ੍ਰਕਿਰਿਆ ਬਾਰੇ ਦੱਸਿਆ. ਸ੍ਰੀਮਤੀ ਸਵੇਤਾ ਨੇ ਇੰਟਰਵਿਊ ਲਈ ਅਤੇ ਮਾਰਗਦਰਸਨ ਦਿੱਤਾ ਅਤੇ ਫਿਰ ਅੰਤ ਵਿੱਚ, ਲਿਖਤੀ ਪ੍ਰੀਖਿਆ ਲਈ ਗਈ। ਪਲੇਸਮੈਂਟ ਸੈੱਲ ਦੀ ਕੋਆਰਡੀਨੇਟਰ ਸ੍ਰੀਮਤੀ. ਦੀਪਕ ਜੋਤੀ ਨੇ ਧੰਨਵਾਦ ਦਾ ਮਤਾ ਪੇਸ ਕੀਤਾ ਅਤੇ ਉਨ੍ਹਾਂ ਨੂੰ ਕਾਲਜ ਕੈਂਪਸ ਵਿੱਚ ਅਜਿਹੇ ਸਮਾਗਮਾਂ ਦਾ ਆਯੋਜਨ ਕਰਨ ਦੀ ਬੇਨਤੀ ਕੀਤੀ।. ਇਸ ਸਮਾਗਮ ਦੌਰਾਨ ਨੇਹਾ ਸੈਣੀ, ਪ੍ਰਿਯੰਕਾ ਅਤੇ ਰਮਾ ਵੀ ਮੌਜੂਦ ਸਨ।

# ਰੋਜ਼ਗਾਰ ਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਲੋਂ ਜ਼ਿਲ੍ਹੇ ਦੇ ਸਿੱਖਿਆਰਥੀਆਂ ਲਈ ਕਰਵਾਇਆ ਕੈਰੀਅਰ ਕਾਊਸਲਿੰਗ ਪ੍ਰੋਗਰਾਮ

**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਪੰਜਾਬ ਸਰਕਾਰ ਵਲੋਂ ਘਰ-ਘਰ ਰੋਜ਼ਗਾਰ ਮਿਸ਼ਨ ਤਹਿਤ ਮਾਨਯੋਗ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਅਗਵਾਈ ਹੇਠ ਮਿਤੀ 28 ਅਗਸਤ, 2021 ਨੂੰ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਲੋਂ ਜ਼ਿਲ੍ਹੇ ਦੇ ਸਿੱਖਿਆਰਥੀਆਂ ਲਈ ਇਕ ਕੈਰੀਅਰ ਕਾਊਸਲਿੰਗ ਪ੍ਰੋਗਰਾਮ ਕਰਵਾਇਆ ਗਿਆ ।ਅੱਜ ਦੇ ਕੈਰੀਅਰ ਕਾਊਂਸਲਿੰਗ ਪ੍ਰੋਗਰਾਮ ਦਾ ਥੀਮ ਸਰਕਾਰੀ ਨੋਕਰੀਆਂ ਦੇ ਇਮਤਿਹਾਨਾਂ ਦੇ ਸਬੰਧੀ ਸੀ। ਅੱਜ ਦੇ ਪ੍ਰੋਗਰਾਮ ਵਿੱਚ 51 ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ ਵੱਖ-ਵੱਖ ਵਿਭਾਗਾਂ ਤੋਂ ਆਏ ਅਧਿਕਾਰੀਆਂ ਨੇ ਬੱਚਿਆਂ ਨੂੰ ਸਰਕਾਰੀ ਨੋਕਰੀ ਦੀ ਤਿਆਰੀ ਸਬੰਧੀ ਟਿਪਸ ਦਿੱਤੇ ਅਤੇ ਆਪਣਾ ਤਜਰਬੇ ਵੀ ਸਾਂਝੇ ਕੀਤੇ । ਜਿਨ੍ਹਾਂ ਵਿੱਚ ਮਿਸ ਕੋਮਲਪ੍ਰੀਤ ਕੌਰ ਸੀ.ਡੀ.ਪੀ.ਓ. ਗੁਰਦਾਸਪੁਰ , ਸ੍ਰੀ ਰਾਘਵ ਖਜੂਰੀਆਂ ਐਸ.ਡੀ.ਓ. ਦੀਨਾਨਗਰ , ਸ੍ਰੀ ਸੁਨੀਲ ਮੋਹਨ ਮਹਿਤਾ , ਸ੍ਰੀ ਪ੍ਰੋਸ਼ਤਮ ਸਿੰਘ ਜ਼ਿਲ੍ਹਾ ਰੋਜ਼ਗਾਰ ਅਫ਼ਸਰ, ਸਵਰਾਜ ਸਿੰਘ ਬੀ.ਐਮ.ਐਮ. ਸਕਿੱਲ ਡਿਵੈਲਪਮੈਂਟ ਗੁਰਦਾਸਪੁਰ ਤੋਂ ਹਾਜ਼ਰ ਸਨ । ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸ੍ਰੀ ਹਰਪ੍ਰੀਤ ਸਿੰਘ ਆਈ.ਏ.ਐਸ., ਐਸ.ਡੀ.ਐਮ. ਡੇਰਾ ਬਾਬਾ ਨਾਨਕ ਨੇ ਸ਼ਿਰਕਿਤ ਕੀਤੀ ਅਤੇ ਵਿਦਿਆਰਥੀਆਂ ਨਾਲ ਆਪਣੇ ਆਈ.ਏ.ਐਸ. ਕਲੀਅਰ ਕਰਨ ਤੱਕ ਦਾ ਸਫਰ ਸਾਂਝਾ ਕੀਤੇ । ਅੰਤ ਵਿੱਚ ਮੈਰੀਟੋਰੀਅਸ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਕਿੱਟਾਂ ਦੇ ਕਿ ਸਨਮਾਨਿਤ ਕੀਤਾ ਗਿਆ ।

# ਕਰੰਟ ਲੱਗਣ ਕਾਰਣ ਵਿਅਕਤੀ ਦੀ ਮੌਤ

**ਧਾਰੀਵਾਲ/ਰਾਜਨ ਬੱਬਰ**

ਸ਼ਹਿਰ ਧਾਰੀਵਾਲ ਵਿਚ ਮਿਤੀ 28/08/2021 ਨੂੰ ਬਹੁਤ ਮੰਦਬਾਗ਼ੀ ਘਟਨਾ ਹੋਈ ਇੱਕ ਵਿਅਕਤੀ ਦੀ ਕਰੰਟ ਲੱਗਣ ਕਾਰਣ ਮੋਕੇ ਤੇ ਹੀ ਮੌਤ ਹੋ ਗਈ, ਪੰਮਾ ਮਸੀਹ ਪੁੱਤਰ ਸੁਲੱਖਣ ਮਸੀਹ ਵਾਸੀ ਨੇੜੇ ਮਿੱਲ ਕੁਆਰਟਰ ਧਾਰੀਵਾਲ ਜੋ ਆਪਣੇ ਘਰ ਕੰਮ ਕਰ ਰਿਹਾ ਸੀ, ਗਰਮੀ ਬਹੁਤ ਹੋਣ ਕਰਕੇ ਉਹ ਦੁਪਹਿਰ 3:30 ਕੁ ਵਜੇ ਰੋਟੀ ਖਾਣ ਲੱਗਾ ਤਾਂ ਘਰ ਵਿੱਚ ਗਰਮੀ ਕਾਰਣ ਪੱਖਾਂ ਲਾਉਣ ਲੱਗਾ ਤਾਂ ਅਚਾਨਕ ਬਹੁਤ ਹੀ ਜਬਰਦਸਤ ਕਰੰਟ ਨੇ ਪਮਾਂ ਮਸੀਹ ਨੂੰ ਜਕੜ ਲਿਆ ਤਾਂ ਜਿਵੇ ਹੀ ਕੋਲ ਰਹਿੰਦੇ ਲੋਕਾਂ ਨੂੰ ਪਤਾ ਲੱਗਾ ਤੇ ਉਸ ਨੂੰ ਸਿਵਲ ਹਸਪਤਾਲ ਲੈ ਕੇ ਗਏ ਪਰ ਕਿਸਮਤ ਨੂੰ ਇਹ ਮਨਜੂਰ ਨਹੀਂ ਸੀ ਤਾਂ ਮੋਕੇ ਤੇ ਸਾਹ ਛੱਡ ਕੇ ਅਲਵਿਦਾ ਕਹਿ ਗਏ।

# ਸ੍ਰੀਮਤੀ ਮਨੀਸ਼ਾ ਗੁਲਾਟੀ, ਚੇਅਰਪਰਸਨ ਪੰਜਾਬ ਰਾਜ ਮਹਿਲਾ ਕਮਿਸ਼ਨ ਵਲੋਂ ਗੁਰਦਾਸਪੁਰ ਵਿਖੇ ਪਤੀ ਦੀ ਮੌਤ ਉਪਰੰਤ ‘ਮਿਹਨਤ’ ਤੇ ਦ੍ਰਿੜਤਾ ਨਾਲ ਕੰਮ ਕਰ ਰਹੀ ਰਜਨੀ ਨਾਲ ਮੁਲਾਕਾਤ

**■ ਰਜਨੀ ਦੀ ਹਿੰਮਤ ਤੇ ਹੌਂਸਲੇ ਨੂੰ ਸਲਾਮ- ਸ੍ਰੀਮਤੀ ਮਨੀਸ਼ਾ ਗੁਲਾਟੀ, ਚੇਅਰਪਰਸਨ ਪੰਜਾਬ ਰਾਜ ਮਹਿਲਾ ਕਮਿਸ਼ਨ**



**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਸ੍ਰੀਮਤੀ ਮਨੀਸ਼ਾ ਗੁਲਾਟੀ, ਚੇਅਰਪਰਸਨ ਪੰਜਾਬ ਰਾਜ ਮਹਿਲਾ ਕਮਿਸ਼ਨ ਪੰਜਾਬ ਵਲੋਂ ਅੱਜ ਗੁਰਦਾਸਪੁਰ ਵਿਖੇ ਆਪਣੀ ਮਿਹਨਤ ਤੇ ਦ੍ਰਿੜ ਇੱਛਾ ਸ਼ਕਤੀ ਨਾਲ ਮਹਿਲਾਵਾਂ ਲਈ ਰੋਡ ਮਾਡਲ ਬਣੀ, ਰਜਨੀ ਨਾਲ ਮੁਲਾਕਾਤ ਕੀਤੀ ਗਈ ਅਤੇ ਉਸ ਦੇ ਜ਼ਜਬੇ ਤੇ ਹਿੰਮਤ ਨੂੰ ਸਲਾਮ ਕੀਤਾ। ਇਸ ਮੌਕੇ ਸ੍ਰੀਮਤੀ ਅੰਮ੍ਰਿਤਵੀਰ ਕੋਰ, ਵਾਈਸ ਚੇਅਰਪਰਸਨ ਪੰਜਾਬ ਰਾਜ ਮਹਿਲਾ ਕਮਿਸ਼ਨ, ਨਵਜੋਤ ਸਿੰਘ ਐਸ.ਪੀ (ਹੈੱਡਕੁਆਟਰ), ਅਰਵਿੰਦ ਸਲਵਾਨ ਤਹਿਸਲੀਦਾਰ, ਤਰਸੇਮ ਲਾਲ ਨਾਇਬ ਤਹਿਸੀਲਦਾਰ, ਪਰਮਿੰਦਰ ਸਿੰਘ ਡੀ.ਐਸ.ਪੀ.ਆਦਿ ਮੋਜੂਦ ਸਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੇਅਰਪਰਨਸ ਸ੍ਰੀਮਤੀ ਗੁਲਾਟੀ ਨੇ ਦੱਸਿਆ ਕਿ ਰਜਨੀ, ਜੋ ਗਰਭਵਤੀ ਹੈ, ਵਲੋਂ ਆਪਣੀ ਪਤੀ ਦੀ ਮੌਤ ਤੋਂ ਬਾਅਦ ਆਪਣੇ ਸੱਸ-ਸਹੁਰੇ ਤੇ ਬੱਚੇ ਦੇ ਗੁਜ਼ਾਰੇ ਲਈ ਖੁਦ ਅੱਗੇ ਆ ਕੇ ਮਿਹਨਤ ਨਾਲ ਕੰਮ ਕਰਕੇ ਮਹਿਲਾਵਾਂ ਲਈ ਰੋਲ ਮਾਡਲ ਪੇਸ਼ ਕੀਤਾ ਹੈ ਅਤੇ ਉਸਦੀ ਹਿੰਮਤ ਅਤੇ ਦ੍ਰਿੜ ਇਰਾਦੇ ਨੂੰ ਉਹ ਸਲਾਮ ਕਰਦੇ ਹਨ। ਉਨਾਂ ਕਿਹਾ ਕਿ ਪੰਜਾਬ ਰਾਜ ਮਹਿਲਾ ਕਮਿਸ਼ਨ ਅਜਿਹੀਆਂ ਔਰਤਾਂ ਅੱਗੇ ਸਿਰ ਝੁਕਾਉਦਾ ਹੈ, ਜੋ ਆਪਣੇ ਹੌਂਸਲੇ ਦੇ ਬਲਬੂਤੇ ਸਮਾਜ ਵਿਚ ਵਿਚਰਦੀਆਂ ਹਨ ਤੇ ਦੂਸਰਿਆਂ ਲਈ ਮਿਸਾਲ ਪੇਸ਼ ਕਰਦੀਆਂ ਹਨ।

ਸ੍ਰੀਮਤੀ ਗੁਲਾਟੀ ਨੇ ਅੱਗੇ ਕਿਹਾ ਕਿ ਪੰਜਾਬ ਰਾਜ ਮਹਿਲਾ ਕਮਿਸ਼ਨ, ਰਜਨੀ ਦੇ ਨਾਲ ਖੜ੍ਹਾ ਹੈ ਅਤੇ ਉਸਦੀ ਵੱਧ ਤੋਂ ਵੱਧ ਮਦਦ ਕੀਤੀ ਜਾਵੇਗੀ।ਉਨਾਂ ਦੱਸਿਆ ਕਿ ਰਜਨੀ ਦੀ ਅਗਲੇ ਹਫਤੇ ਤੋਂ ਪੈਨਸ਼ਨ ਲੱਗ ਜਾਵੇਗੀ ਅਤੇ ਉਹ ਸਰਕਾਰ ਨੂੰ ਅਪੀਲ ਕਰਨਗੇ ਕਿ ਉਹ ਰਜਨੀ ਨੂੰ ਆਪਣਾ ਕੰਮਕਾਜ ਚਲਾਉਣ ਲਈ ਇਕਿ ਪੱਕਾ ਸਟਾਲ ਲਗਾ ਕੇ ਦਿੱਤਾ ਜਾਵੇ। ਨਾਲ ਹੀ ਉਨਾਂ ਕਿਹਾ ਕਿ ਰਜਨੀ ਦੇ ਬੱਚੇ ਦੀ ਸਾਰੀ ਪੜ੍ਹਾਈ ਮੁਫ਼ਤ ਕਰਵਾਈ ਜਾਵੇਗੀ ਅਤੇ ਉਸਨੂੰ ਮੈਡੀਕਲ ਸਹੂਲਤ ਪ੍ਰਦਾਨ ਕੀਤੀ ਜਾਵੇਗੀ। ਨਾਲ ਹੀ ਉਨਾਂ ਕਿਹਾ ਕਿ ਉਹ ਸ੍ਰੀਮਤੀ ਅਰੁਣਾ ਚੋਧਰੀ ਕੈਬਨਿਟ ਮੰਤਰੀ ਪੰਜਾਬ ਨੂੰ ਵੀ ਅਪੀਲ ਕਰਨਗੇ ਕਿ ਰਜਨੀ ਦੀ ਵੱਧ ਤੋਂ ਵੱਧ ਆਰਥਿਕ ਮਦਦ ਕੀਤੀ ਜਾਵੇ। ਇਸ ਮੌਕੇ ਚੇਅਰਪਰਸਨ ਸ੍ਰੀਮਤੀ ਗੁਲਾਟੀ ਵਲੋ ਰਜਨੀ ਨੂੰ ਪ੍ਰਸੰਸਾ ਪੱਤਰ ਅਤ ਵਿੱਤੀ ਸਹਾਇਤਾ ਦੇ ਸਨਮਾਨਤ ਕੀਤਾ ਗਿਆ।


ਚੇਅਰਪਰਸਨ ਸ੍ਰੀਮਤੀ ਗੁਲਾਟੀ ਨੇ ਅੱਗੇ ਕਿਹਾ ਕਿ ਜਿਥੇ ਕਮਿਸ਼ਨ ਵਲੋਂ ਔਰਤਾਂ ਦੇ ਸ਼ਸ਼ਕਤੀਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਉਸੇ ਤਰਾਂ ਉਹ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਅਪੀਲ ਕਰਦੇ ਹਨ ਕਿ ਉਹ ਰਜਨੀ ਦੀ ਵੱਧ ਤੋਂ ਵੱਧ ਸਹਾਇਤਾ ਲਈ ਅੱਗੇ ਆਉਣ ਤਾਂ ਜੋ ਸਮਾਜ ਵਿਚ ਔਰਤਾਂ ਦਾ ਮਾਣ-ਸਨਮਾਨ ਹੋਰ ਉੱਚਾ ਬਹਾਲ ਹੋ ਸਕੇ। ਉਨਾਂ ਮੀਡੀਆ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੀਡੀਆਂ ਨੇ ਰਜਨੀ ਵਲੋਂ ਕੀਤੇ ਗਏ ਹਿੰਮਤੀ ਕਾਰਜ ਬਾਰੇ ਲੋਕਾਂ ਤੇ ਸਮਾਜ ਨੂੰ ਜਾਣਕਾਰੀ ਪ੍ਰਦਾਨ ਕਰਨ ਵਿਚ ਉਸਾਰੂ ਭੂਮਿਕਾ ਨਿਭਾਈ ਹੈ, ਜੋ ਸ਼ਲਾਘਾਯੋਗ ਹੈ। ਇਸ ਮੌਕੇ ਉਨਾਂ ਵਲੋਂ ਔਰਤਾਂ ਦੀ ਮੁਸ਼ਕਿਲਾਂ ਵੀ ਸੁਣੀਆਂ ਗਈਆਂ ਤੇ ਉਨਾਂ ਨੂੰ ਯਕੀਨ ਦਿਵਾਇਆ ਗਿਆ ਕਿ ਕਮਿਸ਼ਨ ਔਰਤਾਂ ਨੂੰ ਇਨਸਾਫ ਦਿਵਾਉਣ ਵਿਚ ਕੋਈ ਢਿੱਲਮੱਠ ਨਹੀਂ ਵਰਤੇਗਾ। ਜ਼ਿਆਦਾਤਰ ਸ਼ਿਕਾਇਤਾਂ ਘਰੇਲੂ ਹਿੰਸਾ, ਪਰਿਵਾਰਕ ਝਗੜੇ ਤੇ ਜਾਇਦਾਦ ਆਦਿ ਨਾਲ ਸਬੰਧਤ ਸਨ। ਉਨਾਂ ਅੱਗੇ ਕਿਹਾ ਕਿ ਪੰਜਾਬ ਰਾਜ ਮਹਿਲਾ ਕਮਿਸ਼ਨ ਦਾ ਮੁੱਖ ਮੰਤਵ ਔਰਤਾਂ ਦੇ ਹਿੱਤਾਂ ਤੇ ਅਧਿਕਾਰਾਂ ਦੀ ਰਾਖੀ ਕਰਨਾ ਹੈ ਤਾਂ ਜੋ ਸਮਾਜ ਵਿਚ ਔਰਤਾਂ ਨੂੰ ਹੋਰ ਸਨਮਾਨਜਨਕ ਸਥਾਨ ਮਿਲ ਸਕੇ। ਇਸ ਮੌਕੇ ਗੱਲਬਾਤ ਕਰਦਿਆਂ ਰਜਨੀ ਨੇ ਕਿਹਾ ਕਿ ਉਹ ਚੇਅਰਪਰਸਨ ਸ੍ਰੀਮਤੀ ਗੁਲਾਟੀ ਦਾ ਧੰਨਵਾਦ ਕਰਦੇ ਹਨ ਕਿ ਉਨਾਂ ਵਲੋਂ ਗੁਰਦਾਸਪੁਰ ਵਿਖੇ ਆ ਕੇ ਉਨਾਂ ਨਾਲ ਮੁਲਾਕਾਤ ਕੀਤੀ ਗਈ ਤੇ ਉਸਦੀ ਹੌਂਸਲਾ ਅਫਜਾਈ ਕੀਤੀ ਗਈ।ਦੱਸਣਯੋਗ ਹੈ ਕਿ ਰਜਨੀ ਧਾਰੀਵਾਲ ਦੀ ਵਸਨੀਕ ਹੈ ਅਤੇ ਕੁਝ ਸਮੇਂ ਪਹਿਲਾਂ ਉਸਦੇ ਪਤੀ ਦੀ ਮੌਤ ਹੋ ਗਈ ਸੀ। ਪਤੀ ਦੀ ਮੌਤ ਤੋਂ ਬਾਅਦ ਘਰ ਦਾ ਗੁਜ਼ਾਰਾ ਕਰਨਾ ਮੁਸ਼ਕਿਲ ਹੋ ਗਿਆ ਅਤੇ ਘਰ ਵਿਚ ਕੋਈ ਹੋਰ ਮੈਂਬਰ ਕਮਾਉਣ ਵਾਲਾ ਨਹੀ ਸੀ। ਘਰ ਵਿਚ ਬਜ਼ੁਰਗ ਸੱਸਸਹੁਰਾ ਤੇ ਕਰੀਬ 8 ਸਾਲ ਦਾ ਪੁੱਤਰ ਹੈ। ਰਜਨੀ ਜੋ ਕਿ ਗਰਭਵਤੀ ਹੈ, ਨੇ ਹਿੰਮਤ ਨਾ ਹਾਰੀ ਤੇ ਖੁਦ ਪਰਿਵਾਰ ਦਾ ਸਹਾਰਾ ਬਣਨ ਲਈ ਅੱਗੇ ਆਈ। ਉਸਨੇ ਗੁਰਦਾਸਪੁਰ ਦੇ ਬਟਾਲਾ ਰੋਡ, ਸਾਹਮਣੇ ਵਿਸ਼ਾਲ ਮੈਗਾ ਮਾਰਟ ’ਤੇ ਕੜੀ-ਚਾਵਲ, ਰਾਜਮਾਂਹ-ਚਾਵਲ ਤਿਆਰ ਕੇ ਵੇਚਣ ਦਾ ਕੰਮ ਸ਼ੁਰੂ ਕੀਤਾ। ਰਜਨੀ ਆਪਣੇ ਭਰਾ ਦੀ ਕਾਰ ਦੀ ਡਿੱਗੀ ਵਿਚ ਕੜੀ-ਚਾਵਲ ਤੇ ਰਾਜਮਾਂਹ-ਚਾਵਲ ਬਣਾ ਕੇ ਲਿਆਉਂਦੀ ਹੈ।

# ਸਰਬੱਤ ਦਾ ਭਲਾ ਟਰੱਸਟ ਵਲੋਂ ਮੱਖੂ ਵਿੱਚ ਖੋਲੀ ਲੈਬ ਦੀਆਂ ਸੇਵਾਵਾਂ ਹੋਈਆਂ ਸ਼ੁਰੂ, ਲੋਕਾਂ ਨੂੰ ਹੋਵੇਗਾ ਵੱਡਾ ਫਾਇਦਾ




**ਮਮਦੋਟ/ਹਰਪ੍ਰੀਤ ਸਿੰਘ ਹੈਪੀ**

ਵਿਸ਼ਵ ਪ੍ਰਸਿੱਧ ਸਮਾਜ ਸੇਵੀ ਡਾ ਐਸ ਪੀ ਸਿੰਘ ਓਬਰਾਏ ਦੀ ਅਗਵਾਈ ਹੇਠ ਸਮਾਜ ਸੇਵੀ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ ਕਸਬਾ ਮੱਖੂ ਵਿੱਚ ਆਪਣੀ ਲੈਬੋਰਟਰੀ ਦੀਆਂ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਗਈਆਂ।ਮੱਖੂ ਦੇ ਤਹਿਸੀਲ ਰੋਡ ਤੇ ਖੋਲੀ ਗਈ ਇਸ ਸੰਨੀ ਓਬਰਾਏ ਲੈਬ ਵਿੱਚ ਸੇਵਾਵਾਂ ਸ਼ੁਰੂ ਕਰਨ ਦੀ ਸ਼ੁਰੂਆਤ ਸੰਸਥਾ ਦੇ ਸਿਹਤ ਸਲਾਹਕਾਰ ਡਾ ਦਲਜੀਤ ਸਿੰਘ ਗਿੱਲ ਵਲੋਂ ਕੀਤੀ ਗਈ।ਇਸ ਤੋਂ ਪਹਿਲਾਂ ਵਾਹਿਗੁਰੂ ਅੱਗੇ ਸਰਬੱਤ ਦੇ ਭਲੇ ਲਈ ਅਰਦਾਸ ਵੀ ਕੀਤੀ ਗਈ।ਇਸ ਮੌਕੇ ਡਾ ਦਲਜੀਤ ਸਿੰਘ ਗਿੱਲ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਇਸ ਲੈਬੋਰਟਰੀ ਦੇ ਖੁੱਲਣ ਨਾਲ ਮੱਖੂ ਇਲਾਕੇ ਦੇ ਲੋਕਾਂ ਨੂੰ ਬਹੁਤ ਵੱਡਾ ਫਾਇਦਾ ਹੋਵੇਗਾ ਅਤੇ ਹੁਣ ਉਹ ਬਿਮਾਰੀ ਸਬੰਧੀ ਟੈਸਟ ਨਾਮਾਤਰ ਰੇਟਾਂ ਤੇ ਕਰਵਾ ਸਕਣਗੇ।ਉਹਨਾਂ ਕਿਹਾ ਕਿ ਟਰੱਸਟ ਵਲੋਂ ਫਿਰੋਜ਼ਪੁਰ ਵਿੱਚ ਜਲਦੀ ਹੀ ਇੱਕ ਹੋਰ ਲੈਬ ਵੀ ਖੋਲੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਲੈਬ ਦਾ ਰਸਮੀਂ ਉਦਘਾਟਨ ਸੰਸਥਾ ਦੇ ਮੁੱਖੀ ਡਾ ਓਬਰਾਏ ਦੁਬਈ ਤੋਂ ਵਾਪਸ ਆਉਣ ਉਪਰੰਤ ਕਰਨਗੇ। ਇਸ ਮੌਕੇ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ ਅਤੇ ਇਸਤਰੀ ਵਿੰਗ ਦੇ ਪ੍ਰਧਾਨ ਸ੍ਰੀਮਤੀ ਅਮਰਜੀਤ ਕੌਰ ਛਾਬੜਾ ਨੇ ਵੀ ਸੰਬੋਧਨ ਕੀਤਾ।ਆਪਣੇ ਸੰਬੋਧਨ ਵਿੱਚ ਉਹਨਾਂ ਡਾ ਐਸ ਪੀ ਸਿੰਘ ਓਬਰਾਏ ਅਤੇ ਕੌਮੀ ਪ੍ਰਧਾਨ ਸ ਜੱਸਾ ਸਿੰਘ ਸੰਧੂ ਦਾ ਮੱਖੂ ਵਿੱਚ ਇਹ ਸੇਵਾ ਸ਼ੁਰੂ ਕਰਨ ਲਈ ਧੰਨਵਾਦ ਕੀਤਾ।ਇਸ ਮੌਕੇ ਤੇ ਮਖੂ ਪ੍ਰਧਾਨ ਦਵਿੰਦਰ ਸਿੰਘ ਛਾਬੜਾਸਰਕਲ ਇੰਚਾਰਜ ਭਜਨ ਪੇਂਟਰ, ਜਿਲ੍ਹਾ ਕੈਸ਼ੀਅਰ ਨਰਿੰਦਰ ਬੇਰੀ,ਬਲਾਕ ਪ੍ਰਧਾਨ ਬਹਾਦਰ ਸਿੰਘ ਭੁੱਲਰ, , ਜਗਸੀਰ ਸਿੰਘ ਜ਼ੀਰਾ, ਕਿਰਨ ਪੇਂਟਰ, ਲਖਵਿੰਦਰ ਸਿੰਘ ਵਾਹੀ ਪੱਤਰਕਾਰ,ਕੇਵਲ ਅਹੂਜਾ ਪ੍ਰੈਸ ਸਕੱਤਰ,ਜਤਿੰਦਰ ਸਿੰਘ,ਗੁਰਦੇਵ ਸਿੰਘ ਗਾਬਾ,ਅਮਰਜੀਤ ਕੌਰ ਪਿੰਕੀ,ਗੁਰਜੰਟ ਸਿੰਘ , ਮਨਪ੍ਰੀਤ ਸਿੰਘ ,ਵਿਸ਼ਾਲ,ਸੰਦੀਪ ਕੌਰ ਅਮਰੀਕ ਸਿੰਘ ਅਤੇ ਹੋਰ ਟੀਮ ਮੈਂਬਰ ਅਤੇ ਪਤਵੰਤੇ ਵੀ ਮੌਜੂਦ ਸਨ।




## ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਸਬ ਕਮੇਟੀ ਸਿਵਲ ਸਰਜਨ ਅਤੇ ਸਬ ਕਮੇਟੀ ਮਾਤਾ ਕੁਸ਼ਲਿਆ ਹਸਪਤਾਲ ਦੀ ਮੀਟਿੰਗ

**ਪਟਿਆਲਾ/ਜਗਦੀਸ ਰਾਈਕਾ**




ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਸਬ ਕਮੇਟੀ ਸਿਵਲ ਸਰਜਨ ਅਤੇ ਸਬ ਕਮੇਟੀ ਮਾਤਾ ਕੁਸ਼ਲਿਆ ਹਸਪਤਾਲ ਦੀ ਮੀਟਿੰਗ ਜਿਲਾ ਫੈਡਰੇਸ਼ਨ ਦੇ ਪ੍ਰਧਾਨ ਸ੍ਰੀ ਜਗੋਮਹਨ ਨੌਲੱਖਾ ਤੇ ਚੇਅਰਮੈਨ ਸ੍ਰੀ ਰਾਮ ਕਿਸ਼ਨ ਦੀ ਪ੍ਰਧਾਨਗੀ ਹੇਠ ਮਾਤਾ ਕੁਸ਼ਲਿਆ ਹਸਪਤਾਲ ਵਿਖੇ ਹੋਈ। ਇਸ ਮੀਟਿੰਗ ਵਿੱਚ 14 ਤੇ 15 ਨੂੰ ਰੱਖੀ ਭੁੱਖ ਹੜਤਾਲ ਸਮੇਂ ਕੈਬਨਿਟ ਮੰਤਰੀ ਸ੍ਰੀ ਬ੍ਰਹਮ ਮਹਿੰਦਰਾ ਜੀ ਅਤੇ ਇਸ ਤੋਂ ਪਹਿਲਾਂ ਬੀਬਾ ਜੈਇੰਦਰ ਕੌਰ ਤੇ ਮੇਅਰ ਸੰਜੀਵ ਸ਼ਰਮਾ ਬਿੱਟੂ ਜੀ ਵਲੋਂ ਮੁਲਾਜਮ ਮੰਗਾਂ ਸੰਬੰਧੀ ਯੂਨੀਅਨ ਨਾਲ ਵਾਅਦਾ ਖਿਲਾਫੀ ਤੇ ਸਿਵਲ ਸਰਜਨ ਵੱਲੋਂ ਯੂਨੀਅਨ ਦੇ ਪੱਤਰਾਂ ਦਾ ਜਵਾਬ ਨਾ ਦੇਣ ਤੇ ਮੁਲਾਜਮਾਂ ਦੀਆਂ ਲੋਕਲ ਮੰਗਾਂ ਨੂੰ ਨਜ਼ਰ ਅੰਦਾਜ ਕਰਨ ਦੇ ਸਬੰਧ ਵਿੱਚ ਯੂਨੀਅਨ ਵੱਲੋਂ 2 ਸਤੰਬਰ 2021 ਨੂੰ ਸਿਵਲ ਸਰਜਨ ਦਫਤਰ ਵਿਖੇ ਰਸ ਪ੍ਰਦਰਸ਼ਨ ਤੇ ਰੋਸ ਰੈਲੀ ਕਰਨ ਦਾ ਐਲਾਨ ਕੀਤਾ ਗਿਆ। ਇਸ ਮੀਟਿੰਗ ਵਿੱਚ ਸ੍ਰੀ ਰਾਮ ਪ੍ਰਸਾਦ ਸਹੋਤਾ, ਮਾਧੋ ਲਾਲ, ਇੰਦਰ ਪਾਲ, ਸੁਖਦੇਵ ਸਿੰਘ ਝੰਡੀ, ਅਨਿਲ ਕੁਮਾਰ, ਜਸਵੰਤ ਸਿੰਘ, ਬਲਵਿੰਦਰ ਸਿੰਘ, ਹਰਦੇਵ ਸਿੰਘ, ਬੁੰਧੀ ਸਿੰਘ, ਬਿੱਟੂ ਤੇ ਬੱਚਨ ਸਿੰਘ ਆਦਿ ਸਾਥੀਆਂ ਨੇ ਭਾਗ ਲਿਆ।

## ਬਰਨਾਲਾ ਜਿਲ੍ਹੇ ਦੇ ਵੱਖ ਵੱਖ ਸਿਹਤ ਕੇਂਦਰਾਂ ਦੀ ਅਚਨਚੇਤ ਚੈਕਿੰਗ : ਡਾ. ਔਲਖ

**ਬਰਨਾਲਾ/ਰਮਨਦੀਪ ਧਾਲੀਵਾਲ**



ਸਿਹਤ ਵਿਭਾਗ ਆਮ ਜਨਤਾ ਨੂੰ ਨਾ ਸਿਰਫ ਮਿਆਰੀ, ਬਲਕਿ ਸਮਾਂਬੱਧ ਸੇਵਾਵਾਂ ਦੇਣ ਲਈ ਵੀ ਵਚਨਬੱਧ ਹੈ।

ਇਹ ਪ੍ਰਗਟਾਵਾ ਕਰਦੇ ਹੋਏ ਸਿਵਲ ਸਰਜਨ ਬਰਨਾਲਾ ਡਾ. ਜਸਬੀਰ ਸਿੰਘ ਔਲਖ ਨੇ ਆਖਿਆ ਕਿ ਸਾਰੀਆਂ ਸਿਹਤ ਸੰਸਥਾਵਾਂ ਸਮੇਂ ਸਿਰ ਖੁੱਲਣੀਆਂ ਯਕੀਨੀ ਬਣਾਉਣ ਲਈ ਵੱਖ-ਵੱਖ ਟੀਮਾਂ ਨੂੰ ਸਿਹਤ ਕੇਂਦਰਾਂ ਦੀ ਚੈਕਿੰਗ ਲਈ ਫੀਲਡ ਵਿੱਚ ਭੇਜਿਆ ਗਿਆ। ਸਿਵਲ ਸਰਜਨ ਬਰਨਾਲਾ ਡਾ. ਜਸਬੀਰ ਸਿੰਘ ਔਲਖ ਵੱਲੋਂ ਖੁਦ ਹੈਲਥ ਵੈੱਲਨੈੱਸ ਸੈਂਟਰ ਬਡਬਰ ਨੂੰ ਸਵੇਰੇ ਸਵਾ ਅੱਠ ਵਜੇ ਚੈੱਕ ਕੀਤਾ, ਜਿੱਥੇ ਦਰਜਾ ਚਾਰ ਕਰਮਚਾਰੀ ਤੋਂ ਬਿਨਾਂ ਬਾਕੀ ਸਟਾਫ ਗੈਰਹਾਜ਼ਰ ਪਾਇਆ ਗਿਆ।

ਚੈਕਿੰਗ ਲਈ ਭੇਜੀਆਂ ਟੀਮਾਂ ਵਿੱਚ ਡਾ. ਅਵਿਨਾਸ਼ ਬਾਂਸਲ (ਸਹਾਇਕ ਸਿਵਲ ਸਰਜਨ ਬਰਨਾਲਾ) ਨੇ ਹੈਲਥ ਵੈੱਲਨੈੱਸ ਸੈਂਟਰ ਹਰਦਾਸਪੁਰਾ, ਲੋਹਗੜ ਅਤੇ ਪੰਡੋਰੀ, ਡਾ. ਰਾਜਿੰਦਰ ਸਿੰਗਲਾ (ਜ਼ਿਲਾ ਟੀਕਾਕਰਨ ਅਫਸਰ) ਨੇ ਹੈਲਥ ਵੈੱਲਨੈੱਸ ਸੈਂਟਰ ਸਹਿਜੜਾ ਅਤੇ ਧਨੇਰ, ਡਾ. ਨਵਜੋਤਪਾਲ ਸਿੰਘ ਭੁੱਲਰ (ਜ਼ਿਲਾ ਪਰਿਵਾਰ ਭਲਾਈ ਅਫਸਰ) ਨੇ ਪੱਖੋਂ ਕਲਾਂ ਅਤੇ ਮੁੱਢਲਾ ਸਿਹਤ ਕੇਂਦਰ ਰੂੜੇਕੇ, ਡਾ. ਗੁਰਮਿੰਦਰ ਕੌਰ ਔਜਲਾ (ਡਿਪਟੀ ਮੈਡੀਕਲ ਕਮਿਸ਼ਨਰ) ਨੇ ਧੌਲਾ ਅਤੇ ਫਤਹਿਗੜ ਛੰਨਾ, ਡਾ. ਮਨੀਸ਼ਾ ਕਪੂਰ (ਐਸਐਮਓ ਧਨੌਲਾ) ਨੇ ਮੁੱਢਲਾ ਸਿਹਤ ਕੇਂਦਰ ਛਾਪਾ ਅਤੇ ਹੈਲਥ ਵੈੱਲਨੈੱਸ ਸੈਂਟਰ ਕੁਰੜ, ਡਾ. ਨੀਰਾ ਸੇਠ (ਐਸਐਮਓ ਭਦੌੜ) ਨੇ ਹੈਲਥ ਵੈੱਲਨੈੱਸ ਸੈਂਟਰ ਪੱਖੋਕੇ ਅਤੇ ਬਖਤਗੜ, ਡਾ. ਤਪਿੰਦਰਜੋਤ ਕੌਸ਼ਲ (ਐਸਐਮਓ ਬਰਨਾਲਾ) ਨੇ ਹੈਲਥ ਵੈੱਲਨੈੱਸ ਸੈਂਟਰ ਜੰਗੀਆਣਾ, ਡਾ. ਜੈਦੀਪ ਸਿੰਘ ਚਾਹਲ (ਐਸਐਮਓ ਮਹਿਲ ਕਲਾਂ) ਨੇ ਹੈਲਥ ਵੈੱਲਨੈੱਸ ਸੈਂਟਰ ਰਾਏਸਰ ਅਤੇ ਚੰਨਣਵਾਲ, ਡਾ. ਪ੍ਰਵੇਸ਼ ਕੁਮਾਰ (ਐਸਐਮਓ ਤਪਾ) ਨੇ ਹੈਲਥ ਵੈੱਲਨੈੱਸ ਸੈਂਟਰ ਜੋਧਪੁਰ ਅਤੇ ਮੁਢਲਾ ਸਿਹਤ ਕੇਂਦਰ ਢਿੱਲਵਾਂ ਦੀ ਚੈਕਿੰਗ ਕੀਤੀ।

ਸਿਹਤ ਅਧਿਕਾਰੀਆਂ ਵੱਲੋਂ ਜਿੱਥੇ ਸਮੇਂ ਸਿਰ ਪਹੁੰਚੇ ਕਰਮਚਾਰੀਆਂ ਦੀ ਸ਼ਲਾਘਾ ਕੀਤੀ ਗਈ, ਉੱਥੇ ਗੈਰਹਾਜ਼ਰ ਮੁਲਾਜ਼ਮਾਂ ਦੀ ਰਿਪੋਰਟ ਵੀ ਤਿਆਰ ਕਰਕੇ ਸਿਵਲ ਸਰਜਨ ਬਰਨਾਲਾ ਨੂੰ ਭੇਜੀ ਗਈ, ਜਿਸ 'ਤੇ ਕਾਰਵਾਈ ਕਰਦਿਆਂ ਸਬੰਧਤ ਕਰਮਚਾਰੀਆਂ ਤੋਂ ਜਵਾਬ ਮੰਗਿਆ ਗਿਆ ਹੈ।

## ਵਿਧਾਇਕ ਡਾ: ਹਰਜੋਤ ਕਮਲ ਦੀ ਪਤਨੀ ਡਾ: ਰਜਿੰਦਰ ਨੇ ਰਜਿੰਦਰਾ ਸਟੇਟ ਤੋਂ ਘੱਲਕਲਾਂ ਨੂੰ ਜਾਂਦੀ ਸੜਕ ਦੇ ਪੁਨਰ ਨਿਰਮਾਣ ਦੇ ਕਾਰਜ ਦਾ ਕੀਤਾ ਉਦਘਾਟਨ



**ਮੋਗਾ/ਦਵਿੰਦਰ ਸਿੰਘ ਬਿੱਟੂ**

ਵਿਧਾਇਕ ਡਾ: ਹਰਜੋਤ ਕਮਲ ਵੱਲੋਂ ਮੋਗਾ ਹਲਕੇ ਦੇ ਪਿੰਡਾਂ ਦੇ ਇਕਸਾਰ ਵਿਕਾਸ ਕਰਵਾਉਣ ਦੀ ਲੜੀ ਤਹਿਤ ਮੋਗਾ ਦੇ ਰਜਿੰਦਰਾ ਸਟੇਟ ਤੋਂ ਘੱਲਕਲਾਂ ਨੂੰ ਜਾਂਦੀ ਸੜਕ ਦੇ ਪੁਨਰ ਨਿਰਮਾਣ ਦੇ ਕਾਰਜ ਦੀਆਂ ਉਦਘਾਟਨੀ ਰਸਮਾਂ ਵਿਧਾਇਕ ਡਾ: ਹਰਜੋਤ ਕਮਲ ਦੀ ਪਤਨੀ ਡਾ: ਰਜਿੰਦਰ ਨੇ ਨਿਭਾਈਆਂ। ਪ੍ਰੀਮਿਕਸ ਪਾਉਣ ਵਾਲੀ ਸਾਈਟ 'ਤੇ ਪੁੱਜਣ ਮੌਕੇ ਮੁਹੱਲਾ ਵਾਸੀਆਂ ਨੇ ਡਾ: ਰਜਿੰਦਰ ਦੇ ਗਲ ਵਿਚ ਫੁੱਲਾਂ ਦੇ ਹਾਰ ਪਾ ਕੇ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਦੱਸਿਆ ਕਿ ਪਿਛਲੇ 20 ਸਾਲਾਂ ਤੋਂ ਮੁਹੱਲਾ ਨਿਵਾਸੀ ਇਸ ਸੜਕ ਦੇ ਨਿਰਮਾਣ ਨੂੰ ਤਰਸ ਰਹੇ ਸਨ ਅਤੇ ਹੁਣ ਵਿਧਾਇਕ ਡਾ: ਹਰਜੋਤ ਕਮਲ ਦੇ ਯਤਨਾਂ ਸਦਕਾ ਉਹਨਾਂ ਦੀ ਇਹ ਚਿਰੋਕਣੀ ਮੰਗ ਪੂਰੀ ਹੋਈ ਹੈ। ਇਸ ਮੌਕੇ ਸੰਬੋਧਨ ਕਰਦਿਆਂ ਡਾ: ਰਜਿੰਦਰ ਨੇ ਆਖਿਆ ਕਿ ਬੇਸ਼ੱਕ ਲਾਕਡਾਊਨ ਕਾਰਨ ਪਿਛਲੇ ਸਮੇਂ ਦੌਰਾਨ ਵਿਕਾਸ ਕਾਰਜ ਰੁਕੇ ਰਹੇ ਪਰ ਹੁੱਦ ਨਿਗਮ ਹਾਊਸ ਦੇ ਗਠਨ ਉਪਰੰਤ ਨਾ ਸਿਰਫ਼ ਰੁਕੇ ਹੋਏ ਕਾਰਜਾਂ 'ਤੇ ਕੰਮ ਦੁਬਾਰਾ ਆਰੰਭ ਕਰਵਾਇਆ ਗਿਆ ਹੈ ਬਲਕਿ ਹਲਕੇ ਦੇ ਲੋਕਾਂ ਦੀ ਮੰਗ 'ਤੇ ਨਵੇਂ ਟੈਂਡਰ ਦੀ ਪਰਿਕਿਰਿਆ ਵੀ ਆਰੰਭੀ ਗਈ ਹੈ ਤਾਂ ਕਿ ਮੋਗਾ ਹਲਕੇ ਦਾ ਕੋਈ ਵੀ ਕੋਨਾ ਵਿਕਾਸ ਤੋਂ ਅਛੂਤਾ ਨਾ ਰਹੇ। ਇਸ ਮੌਕੇ ਮੁਹੱਲਾ ਨਿਵਾਸੀਆਂ ਤੋਂ ਇਲਾਵਾ ਸਾਬਕਾ ਕੌਂਸਲਰ ਗੁਰਮਿੰਦਰਜੀਤ ਸਿੰਘ ਬਬਲੂ, ਰਾਜੂ ਵਰਮਾ, ਸਾਬਕਾ ਕੌਂਸਲਰ ਹਰਬੰਸ ਸਿੰਘ, ਅਸ਼ੋਕ ਕੁਮਾਰ, ਦੀਪੂ ਸਹੋਤਾ, ਅਜੇ ਲਹੌਰੀਆ ਆਦਿ ਹਾਜ਼ਰ ਸਨ।

# ਸਮਾਜ ਦੀ ਬਿਹਤਰੀ ਤੇ ਵਿਕਾਸ ਵਿਚ ਚੰਗੀ ਸਿਹਤ ਦਾ ਬਹੁਤ ਮਹੱਤਵ : ਡਿਪਟੀ ਕਮਿਸ਼ਨਰ

## ਛੋਟਾ ਘੱਲੂਘਾਰਾ ਮੈਮੋਰੀਅਲ ਛੰਬ, ਕਾਹਨੂੰਵਾਨ ਵਿਖੇ ਨਹਿਰੂ ਯੁਵਾ ਕੇਂਦਰ ਵਲੋਂ 'ਫਿੱਟ ਇੰਡੀਆ ਫਰੀਡਮ ਦੌੜ' ਕਰਵਾਈ

■ ਜ਼ਿਲੇ ਦੀਆਂ ਵੱਖ-ਵੱਖ ਨਹਿਰੂ ਯੁਵਾ ਕੇਂਦਰ ਦੇ ਕਲੱਬਾਂ ਦੇ ਵਲੰਟੀਅਰਾਂ ਨੇ ਪੂਰੇ ਉਤਸ਼ਾਹ ਨਾਲ ਲਿਆ ਹਿੱਸਾ



**ਗੁਰਦਾਸਪੁਰ/ਲੋਕ ਬਾਣੀ**

'ਨਹਿਰੂ ਯੁਵਾ ਕੇਂਦਰ' ਗੁਰਦਾਸਪੁਰ ਵਲੋਂ 'ਫਿੱਟ ਇੰਡੀਆ ਫਰੀਡਮ ਦੌੜ 2.0', ਛੋਟਾ ਘੱਲੂਘਾਰਾ ਛੰਬ, ਕਾਹਨੂੰਵਾਨ ਵਿਖੇ ਕਰਵਾਈ ਗਈ, ਜਿਸ ਵਿਚ ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਵਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਡਿਪਟੀ ਕਮਿਸ਼ਨਰ ਵਲੋਂ 'ਫਿੱਟ ਇੰਡੀਆ ਫਰੀਡਮ ਦੌੜ 2.0' ਨੂੰ ਝੰਡੀ ਦੇ ਕੇ ਰਵਾਨਾ ਕੀਤਾ ਅਤੇ ਆਪ ਖੁਦ ਦੌੜ ਵਿਚ ਸ਼ਾਮਲ ਹੋਏ। ਇਸ ਮੌਕੇ ਵੱਖ-ਵੱਖ ਨਹਿਰੂ ਯੁਵਾ ਕੇਂਦਰ ਦੇ 75 ਵਲੰਟੀਅਰਾਂ ਵਲੋਂ 7 ਕਿਲੋਮੀਟਰ ਲੰਬੀ ਦੌੜ ਵਿਚ ਹਿੱਸਾ ਲਿਆ। ਇਸ ਮੌਕੇ ਅਲਕਾ ਰਾਵਤ, ਕੁਆਰਡੀਨੇਟਰ ਨਹਿਰੂ ਯੁਵਾ ਕੇਂਦਰ ਗੁਰਦਾਸਪੁਰ, ਤੇਜਪ੍ਰਤਾਪ ਸਿੰਘ ਕਾਹਲੋਂ, ਸਰਪੰਚ ਪ੍ਰਗਟ ਸਿੰਘ, ਦਮਨਜੀਤ ਸਿੰਘ ਇੰਚਾਰਜ ਛੋਟਾ ਘੱਲੂਘਾਰਾ ਮੈਮੋਰੀਅਲ ਛੰਬ, ਕਾਹਨੂੰਵਾਨ ਆਦਿ ਮੌਜੂਦ ਸਨ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨਹਿਰੂ ਯੁਵਾ ਕੇਂਦਰ ਗੁਰਦਾਸਪੁਰ ਵਲੋਂ ਕੀਤਾ ਗਿਆ, ਇਹ ਉਪਰਾਲਾ ਬਹੁਤ ਸ਼ਾਨਦਾਰ ਹੈ ਅਤੇ ਸਮੇਂ ਦੀ ਲੋੜ ਵੀ ਹੈ ਕਿ ਆਪਣੀ ਸਿਹਤ ਵੱਲ ਖਾਸ ਧਿਆਨ ਦਿੱਤਾ ਜਾਵੇ। ਉਨਾਂ ਕਿਹਾ ਕਿ ਸਮਾਜ ਦੀ ਬਿਹਤਰੀ ਤੇ ਵਿਕਾਸ ਲਈ ਸਿਹਤਮੰਦ ਸਮਾਜ ਜਾਂ ਚੰਗੀ ਸਿਹਤ ਦਾ ਹੋਣਾ ਬਹੁਤ ਮਹੱਤਵ ਰੱਖਦਾ ਹੈ ਅਤੇ ਸਾਨੂੰ ਸਾਰਿਆਂ ਨੂੰ ਆਪਣੀ ਸਿਹਤ ਦਾ ਖਿਆਲ ਰੱਖਦੇ ਹੋਏ, ਘੱਟੋ ਘੱਟ ਰੋਜ਼ਾਨਾ ਅੱਧਾ ਘੰਟਾ ਕਸਰਤ ਆਦਿ ਜਰੂਰ ਕਰਨੀ ਚਾਹੀਦੀ ਹੈ।

ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਵੇਖਣ ਵਿਚ ਆਉਂਦਾ ਹੈ ਕਿ ਜ਼ਿਆਦਾਤਰ ਲੋਕ ਅਪਣੀ ਸਿਹਤ ਵੱਲ ਧਿਆਨ ਹੀ ਨਹੀਂ ਦਿੰਦੇ, ਜਿਸ ਨਾਲ ਉਹ ਸਰੀਰਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਉਨ ਾਂ ਅੱਗੇ ਕਿਹਾ ਕਿ ਰੋਜ਼ਾਨਾ ਕਸਰਤ ਕਰਨ ਅਤੇ ਸੰਤੁਲਿਤ ਖਾਣ-ਪੀਣ ਨਾਲ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ ਅਤੇ ਹਰੇਕ ਉਮਰ ਵਰਗ ਦੇ ਲੋਕਾਂ ਨੂੰ ਆਪਣੀ ਸਿਹਤ ਵੱਲ ਪੂਰੀ ਤਵੱਜੋਂ ਦੇਣੀ ਚਾਹੀਦੀ ਹੈ।

ਇਸ ਮੌਕੇ ਨੌਜਵਾਨ ਵਲੰਟੀਅਰ ਨਾਲ ਗੱਲ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲਾ ਪ੍ਰਸ਼ਾਸਨ ਵਲੋਂ ਨੌਜਵਾਨ ਨੂੰ ਰੁਜ਼ਗਾਰ ਅਤੇ ਸਵੈ-ਰੋਜ਼ਗਾਰ ਦਿਵਾਉਣ ਲਈ ਵਿਸ਼ੇਸ ਉਪਰਾਲੇ ਵਿੱਢੇ ਗਏ ਹਨ ਅਤੇ ਗੁਰਦਾਸਪੁਰ ਵਿਖੇ ਚੱਲ ਰਹੇ ਜ਼ਿਲਾ ਰੋਜ਼ਗਾਰ ਦਫਤਰ ਵਿਖੇ ਮੁਫ਼ਤ ਸਿਖਲਾਈ ਪ੍ਰਦਾਨ ਕੀਤੀ ਜਾ ਰਹੀ ਹੈ। ਜਿਸ ਦਾ ਮੁੱਖ ਮੰਤਵ ਨੌਜਵਾਨ ਨੂੰ ਹੁਨਰਮੰਦ ਬਣਾਉਣਾ ਹੈ ਤਾਂ ਜੋ ਉਹ ਮਹੀਨੇ ਵਿਚ ਘੱਟੋ-ਘੱਟ 25,000 ਰੁਪਏ ਦਾ ਰੁਜ਼ਗਾਰ ਹਾਸਲ ਕਰਨ ਸਕਣ। ਉਨਾਂ ਨੌਜਵਾਨਾਂ ਨੂੰ ਜਿਾਲ ਰੋਜ਼ਾਗਰ ਦਫਤਰ ਵਿਖੇ ਆਪਣੀ ਰਜਿਸ਼ਟਰੇਸਨ ਕਰਵਾਉਣ ਦੀ ਅਪੀਲ ਕੀਤੀ। ਇਸ ਮੌਕੇ ਉਨਾਂ ਅੱਗੇ ਦੱਸਿਆ ਕਿ ਗੁਰਦਾਸਪੁਰ, ਫਤਹਿਗੜ੍ਹ ਚੂੜੀਆਂ, ਕਲਾਨੌਰ ਅਤੇ ਕਾਦੀਆਂ ਵਿਖੇ ਇੱਕ-ਇੱਕ ਲਾਇਬ੍ਰੇਰੀ ਅਤੇ ਕੰਪਿਊਟਰ ਸੈਂਟਰ ਖੋਲਿ ਆ ਜਾ ਰਿਹਾ ਹੈ, ਜਿਸ ਨਾਲ ਨੌਜਵਾਨ ਵਰਗ ਨੂੰ ਵੱਖ-ਵੱਖ ਖੇਤਰਾਂ ਵਿਚ ਅੱਗੇ ਵੱਧਣ ਲਈ ਬਹੁਤ ਮਦਦ ਮਿਲੇਗੀ।

ਇਸ ਤੋਂ ਪਹਿਲਾਂ ਅਲਕਾ ਰਾਵਤ, ਕੁਆਰਡੀਨੇਟਰ ਨਹਿਰੂ ਯੁਵਾ ਕੇਂਦਰ ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 'ਮਨਿਸਟਰੀ ਆਫ ਯੂਥ ਅਫੇਰਜ਼ ਐਂਡ ਸਪੋਰਟਸ ਭਾਰਤ ਸਰਕਾਰ' ਵਲੋਂ ਆਜ਼ਾਦੀ ਦੇ 75ਵੀਂ ਵਰੇ ਗੰਢ ਨੂੰ ਸਮਰਪਿਤ 'ਆਜ਼ਾਦੀ ਕਾ ਅੰਮ੍ਰਿਤ ਮਹਾਂਉਤਸ਼ਵ' ਤਹਿਤ 'ਫਿੱਟ ਇੰਡੀਆ ਫਰੀਡਮ ਦੌੜ 2.0' ਕਰਵਾਈ ਗਈ ਹੈ।

ਇਸ ਮੌਕੇ ਦੌੜ ਦੀ ਸ਼ੁਰੂਆਤ ਤੋਂ ਪਹਿਲਾਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਵੀ ਅਰਪਨ ਕੀਤੇ ਗਏ ਅਤੇ 'ਫਿੱਟ ਇੰਡੀਆ ਫਰੀਡਮ ਦੌੜ 2.0' ਤਹਿਤ ਸਹੁੰ ਚੁਕਾਈ ਗਈ । ਉਪਰੰਤ ਰਾਸ਼ਟਰੀ ਗਾਣ ਕਰਨ ਤੋਂ ਬਾਅਦ ਦੌੜ ਸ਼ੁਰੂ ਕਰਵਾਈ ਗਈ। ਇਸ ਮੌਕੇ ਨਹਿਰੂ ਯੁਵਾ ਕੇਂਦਰ ਵਲੋਂ ਡਿਪਟੀ ਕਮਿਸ਼ਨਰ ਸਮੇਤ ਵੱਖ-ਵੱਖ ਸਖਸ਼ੀਅਤਾਂ ਨੂੰ ਸਨਮਾਨਤ ਵੀ ਕੀਤਾ ਗਿਆ। 'ਫਿੱਟ ਇੰਡੀਆ ਫਰੀਡਮ ਦੌੜ 2.0' ਤਹਿਤ, 7 ਕਿਲੋਮੀਟਰ ਦੀ ਦੌੜ ਵਿਚ ਡਿਪਟੀ ਕਮਿਸ਼ਨਰ ਵਲੋਂ ਖੁਦ ਵਲੰਟੀਅਰ ਨਾਲ ਹਿੱਸਾ ਲਿਆ ਤੇ ਵਲੰਟੀਅਰਾਂ ਨੂੰ ਉਤਸ਼ਾਹਤ ਕੀਤਾ। ਦੌੜ ਦੀ ਸਮਾਪਤੀ ਤੋਂ ਬਾਅਦ ਵਲੰਟੀਅਰਾਂ ਨੂੰ ਰਿਫੈਰਸ਼ਮੈਂਟ ਦਿੱਤੀ ਗਈ।

# ਸਿੱਧੂਪੁਰ ਇਕਾਈ ਵੱਲੋਂ ਪਿੰਡ ਪੱਧਰ ਤੇ ਕਮੇਟੀ ਦਾ ਗਠਨ



**ਮਮਦੋਟ/ਹਰਪ੍ਰੀਤ ਸਿੰਘ ਹੈਪੀ**

ਦਿੱਲੀ ਵਿੱਚ ਚੱਲ ਰਹੇ ਕਿਸਾਨੀ ਮੋਰਚੇ ਦੀ ਆਮਦ ਨੂੰ ਵਧਾਉਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਬਲਾਕ ਮਮਦੋਟ ਦੇ ਅਧੀਨ ਆਉਂਦੇ ਵੱਖ ਵੱਖ ਪਿੰਡਾਂ ਵਿਚ ਪਿੰਡ ਪੱਧਰ ਤੇ ਕਮੇਟੀਆਂ ਦਾ ਗਠਨ ਕੀਤਾ ਜਾ ਰਿਹਾ ਹੈ ਉਸੇ ਹੀ ਤਹਿਤ ਨੇੜਲੇ ਪਿੰਡ ਲੱਖਾ ਹਾਜੀ ਵਿਖੇ ਬਲਾਕ ਪ੍ਰਧਾਨ ਗੁਰਸੇਵਕ ਸਿੰਘ ਧਾਲੀਵਾਲ ਦੀ ਰਹਿਨੁਮਾਈ ਹੇਠ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਜਿਸ ਦੌਰਾਨ ਦਵਿੰਦਰ ਸਿੰਘ ਕਮਾਲਦੀਨ ਨਿਆਜ਼ੀਆਂ ਇਕਾਈ ਪ੍ਰਧਾਨ ਵੀ ਹਾਜ਼ਰ ਰਹੇ ਇਸ ਸਮੇਂ ਗੁਰਸੇਵਕ ਸਿੰਘ ਧਾਲੀਵਾਲ ਨੇ ਪਿੰਡ ਦੇ ਸਾਰੇ ਕਿਸਾਨ ਵੀਰਾਂ ਨੂੰ ਦਿੱਲੀ ਵਿੱਚ ਚੱਲ ਰਹੇ ਧਰਨੇ ਵਿੱਚ ਸ਼ਮੂਲੀਅਤ ਕਰਨ ਦੀ ਬੇਨਤੀ ਕੀਤੀ ।ਪਿੰਡ ਪੱਧਰ ਤੇ ਗਠਨ ਕੀਤੀ ਗਈ ਕਮੇਟੀ ਅੰਦਰ ਸ਼ੁਭਾਸ ਸਿੰਘ ਨੂੰ ਪ੍ਰਧਾਨ, ਬਲਕਾਰ ਸਿੰਘ ਮੀਤ ਪ੍ਰਧਾਨ, ਗੁਰਜੰਟ ਸਿੰਘ, ਚੰਦਪਾਲ ਸਿੰਘ, ਇਕਬਾਲ ਸਿੰਘ ਨੂੰ ਅਹੁਦੇਦਾਰੀਆਂ ਸੌਂਪੀਆਂ ਗਈਆਂ ਅਤੇ ਪਿੰਡ ਵਿਚ ਕਿਸਾਨੀ ਹੱਕਾਂ ਤਹਿਤ ਵੱਧ ਚੜ੍ਹ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ।

# ਜ਼ਿਲ੍ਹਾ ਲੁਧਿਆਣਾ ਵਿੱਚ ਅੱਜ ਫੇਰ 9002 ਸੈਂਪਲ ਲਏ -ਮਰੀਜ਼ਾਂ ਦੇ ਠੀਕ ਹੋਣ ਦੀ ਦਰ 97.57% ਹੋਈ

**ਲੁਧਿਆਣਾ/ਕਰਨ ਅਗਰਵਾਲ**

ਪੰਜਾਬ ਸਰਕਾਰ ਵੱਲੋਂ ਕਰੋਨਾ ਮਹਾਂਮਾਰੀ ਨੂੰ ਫੈਲਣ ਤੋਂ ਰੋਕਣ ਲਈ ਸ਼ੁਰੂ ਕੀਤੇ ਗਏ ਉਪਰਾਲਿਆਂ ਤਹਿਤ ਅੱਜ ਜ਼ਿਲ੍ਹਾ ਲੁਧਿਆਣਾ ਵਿੱਚ ਇੱਕ ਦਿਨ ਵਿੱਚ ਸ਼ੱਕੀ ਮਰੀਜ਼ਾਂ ਦੇ 9002 ਸੈਂਪਲ ਲਏ ਗਏ। ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਤੱਕ ਕੁੱਲ 87461 ਮਰੀਜ਼ਾਂ ਵਿਚੋਂ 97.57% (85338 ਕੋਵਿਡ ਪੋਜ਼ਟਿਵ ਮਰੀਜ਼) ਪੂਰੀ ਤਰ੍ਹਾਂ ਠੀਕ ਹੋ ਚੁੱਕੇ ਹਨ ਜਦਕਿ ਕੁਝ ਹੋਰ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਇਲਾਜ ਅਧੀਨ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਵੱਲੋਂ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਜਦੋ ਵੀ ਕੋਈ ਵਿਅਕਤੀ ਦੇ ਕੋਵਿਡ-19 ਦੇ ਪੀੜਤ ਹੋਣ ਜਾਂ ਸ਼ੱਕ ਬਾਰੇ ਪਤਾ ਲੱਗਦਾ ਹੈ ਤਾਂ ਤੁਰੰਤ ਉਸ ਦੇ ਸੈਂਪਲ ਜਾਂਚ ਲਈ ਭੇਜੇ ਜਾਂਦੇ ਹਨ। ਇਨ੍ਹਾਂ ਸੈਂਪਲਾਂ ਦੀ ਗਿਣਤੀ ਰੋਜ਼ਾਨਾ ਸੈਂਕੜਿਆਂ ਵਿੱਚ ਹੈ। ਇਸੇ ਤਰ੍ਹਾਂ ਅੱਜ ਵੀ 9002 ਸ਼ੱਕੀ ਵਿਅਕਤੀਆਂ ਦੇ ਨਮੂਨੇ ਜਾਂਚ ਲਈ ਭੇਜੇ ਗਏ ਹਨ ਅਤੇ ਜਲਦ ਹੀ ਉਨ੍ਹਾਂ ਦੇ ਨਤੀਜੇ ਮਿਲਣ ਦੀ ਉਮੀਦ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਮੇਂ ਜ਼ਿਲ੍ਹੇ ਵਿੱਚ 26 ਪੋਜ਼ਟਿਵ ਮਰੀਜ਼ ਹਨ। ਜ਼ਿਲ੍ਹੇ ਵਿੱਚ ਹੁਣ ਤੱਕ ਤੰਦਰੁਸਤ ਹੋਏ ਮਰੀਜ਼ਾਂ ਦੀ ਸੰਖਿਆ 85338 ਹੋ ਗਈ ਹੈ। ਉਨ੍ਹਾਂ ਕਿਹਾ ਕਿ ਕੋਵਿਡ-19 ਤੋਂ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 24 ਘੰਟਿਆਂ ਦੌਰਾਨ ਕੁਲ 1 ਮਰੀਜ਼ (ਜੋਕਿ ਬਾਹਰਲੇ ਰਾਜ/ਜ਼ਿਲ੍ਹੇ ਨਾਲ ਸਬੰਧਤ ਹੈ) ਪੋਜ਼ਟਿਵ ਪਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਹੁਣ ਤੱਕ ਕੁੱਲ 2257318 ਨਮੂਨੇ ਲਏ ਗਏ ਹਨ, ਜਿਨ੍ਹਾਂ ਵਿਚੋਂ 2158200 ਨਮੂਨੇ ਨੈਗਟਿਵ ਪਾਏ ਗਏ ਹਨ। ਉਨ੍ਹਾਂ ਦੱਸਿਆ ਕਿ ਹੁਣ ਲੁਧਿਆਣਾ ਨਾਲ ਸਬੰਧਤ ਕੁਲ ਮਰੀਜ਼ਾਂ ਦੀ ਗਿਣਤੀ 87461 ਹੈ, ਜਦਕਿ 11657 ਮਰੀਜ਼ ਦੂਜੇ ਜ਼ਿਲ੍ਹਿਆਂ/ਰਾਜਾਂ ਨਾਲ ਸਬੰਧਤ ਹਨ।

ਉਨ੍ਹਾਂ ਕਿਹਾ ਕਿ ਹੁਣ ਕੋਰੋਨਾ ਤੋਂ ਪੀੜਤ ਮਰੀਜ਼ਾਂ ਦੀ ਮੌਤ ਦੀ ਕੁੱਲ ਗਿਣਤੀ ਲੁਧਿਆਣਾ ਤੋਂ 2097 ਅਤੇ 1049 ਦੂਜੇ ਜ਼ਿਲਿਆਂ ਨਾਲ ਸਬੰਧਤ ਹਨ।

ਸ੍ਰੀ ਸ਼ਰਮਾ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਦੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਨ, ਜਿਸ ਨਾਲ ਉਹ ਨਾ ਸਿਰਫ ਆਪ ਸੁਰੱਖਿਅਤ ਰਹਿਣਗੇ, ਬਲਕਿ ਹਰ ਕਿਸੇ ਨੂੰ ਸੁਰੱਖਿਅਤ ਰੱਖਣ ਵਿੱਚ ਵੀ ਯੋਗਦਾਨ ਪਾਉਣਗੇ।






# ਬੀਬਾ ਪਰਮਜੀਤ ਧੰਜਲ, ਇੰਟਰਨੈਸ਼ਨਲ ਲੋਕ ਗਾਇਕ ਕਲਾ ਮੰਚ (ਐਚ.) (ਰਜਿ:) ਦੇ ਕੌਮੀ ਮੀਤ ਪ੍ਰਧਾਨ ਵੱਲੋਂ ਸ੍ਰੀ ਮਹਿੰਦਰ ਪਾਲ ਲੂੰਬਾ ਦੇ ਸਹਿਯੋਗ ਨਾਲ ਰਾਸ਼ਨ ਵੰਡਿਆ

**ਚੰਡੀਗੜ/ਪ੍ਰੀਤਮ ਲੁਧਿਆਣਵੀ**

ਸੱਭਿਆਚਾਰਕ ਹਲਕਿਆਂ ਦੀ ਵਿਸ਼ਵ ਪ੍ਰਸਿੱਧੀ ਪ੍ਰਾਪਤ ਲੋਕ-ਗਾਇਕਾ ਬੀਬਾ ਪਰਮਜੀਤ ਧੰਜਲ, ਇੰਟਰਨੈਸ਼ਨਲ ਲੋਕ ਗਾਇਕ ਕਲਾ ਮੰਚ (ਐਚ.) (ਰਜਿ:) ਦੇ ਕੌਮੀ ਮੀਤ ਪ੍ਰਧਾਨ ਵੱਲੋਂ ਸ੍ਰੀ ਮਹਿੰਦਰ ਪਾਲ ਲੂੰਬਾ, ਪ੍ਰਧਾਨ 'ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਮੋਗਾ' ਦੇ ਸਹਿਯੋਗ ਨਾਲ ਲੋੜਵੰਦ ਕਲਾਕਾਰਾਂ ਅਤੇ 10 ਗਰੀਬ ਪਰਿਵਾਰਾਂ ਨੂੰ ਬੀਤੇ ਦਿਨ ਮੋਗਾ ਵਿਖੇ ਰਾਸ਼ਨ ਵੰਡਿਆ ਗਿਆ।

ਜ਼ਿਕਰ ਯੋਗ ਹੈ ਕਿ ਲੋਕ-ਗਾਇਕਾ ਬੀਬਾ ਧੰਜਲ ਜੀ ਜਿੱਥੇ ਇਕ ਵਧੀਆ ਗਾਇਕਾ ਹਨ, ਉਥੇ ਉਹ ਇਕ ਹਮਦਰਦਰਾਨਾ ਰਹਿਮ ਦਿਲ ਵੀ ਰੱਖਦੇ ਹਨ। ਦੂਜੇ ਦਾ ਦੁੱਖ ਦੇਖਕੇ ਝੱਟ ਪਸੀਜ ਜਾਂਦੇ ਹਨ। ਗਰੀਬ ਪਰਿਵਾਰਾਂ ਦੀਆਂ ਧੀਆਂ-ਭੈਣਾਂ ਦੀਆਂ ਸ਼ਾਦੀਆਂ ਦੇ ਮੌਕੇ 'ਤੇ ਆਪਣੀ ਦਸਾਂ ਨੌਹਾਂ ਦੀ ਨੇਕ ਕਮਾਈ ਵਿਚੋਂ ਉਨਾਂ ਵੱਲ ਵਿੱਤੀ ਹੱਥ ਵਧਾਉਣਾ ਧੰਜਲ ਜੀ ਦੇ ਰਗ-ਰਗ ਵਿਚ ਸਮਾ ਚੁੱਕਾ ਕਾਰਜ ਹੈ। ਆਪ ਖ਼ੁਦ ਬੇਸ਼ੱਕ ਉਹ ਤੰਗੀ ਕੱਟ ਲੈਣ ਪਰ ਦੂਜਿਆਂ ਦੀ ਮਦਦ ਲਈ ਖੜਨਾ ਉਨਾਂ ਦੇ ਸੁਭਾਅ ਦਾ ਅਹਿਮ ਹਿੱਸਾ ਬਣ ਚੁੱਕਾ ਹੈ। ਇੰਨਸਾਨੀਅਤ ਦੀ ਸੱਚੀ-ਸੁੱਚੀ ਮੂਰਤ ਇਸ ਲੋਕ-ਗਾਇਕਾ ਨੂੰ ਦੁਖੀਆਂ ਦਾ ਦਰਦ ਵੰਡਾਉਣ ਅਤੇ ਉਨਾਂ ਦੇ ਹੰਝੂ ਪੂੰਝਦੇ ਰਹਿਣ ਦਾ ਪ੍ਰਮਾਤਮਾ ਹੋਰ ਵੀ ਬਲ ਬਖ਼ਸ਼ੇ ਤਾਂ ਕਿ ਉਹ ਆਪਣੀ ਨੇਕ ਕਮਾਈ ਨੂੰ ਸਫ਼ਲਾ ਕਰਦਿਆਂ ਆਪਣੇ ਮਨ ਨੂੰ ਸਕੂਨ ਹਾਸਲ ਕਰਦੇ ਰਹਿਣ ਅਤੇ ਨਿਮਾਣਿਆਂ, ਨਿਤਾਣਿਆਂ ਅਤੇ ਦੁਖਿਆਰਿਆਂ ਦੀਆਂ ਕੋਹ ਕੋਹ ਲੰਬੀਆਂ ਅਸੀਸਾਂ ਖੱਟਦੇ ਰਹਿਣ।

# ਯੂਥ ਕਾਂਗਰਸ ਵਲੋਂ ਕੇਂਦਰੀ ਮੰਤਰੀ ਦੀ ਕੋਠੀ ਨਜ਼ਦੀਕ ਪ੍ਰਧਾਨ ਮੰਤਰੀ ਤੇ ਕੇਂਦਰੀ ਮੰਤਰੀ ਦਾ ਫੂਕਿਆ ਪੁਤਲਾ

**ਫਗਵਾੜਾ/ਲੋਕ ਬਾਣੀ :** ਕੇਂਦਰ ਸਰਕਾਰ ਦੇ ਰਾਜ 'ਚ ਕਿਸਾਨਾਂ ਦੇ ਕਾਲੇ ਕਾਨੂੰਨਾਂ, ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਤੇ ਲੋਕ ਮਾਰੂ ਨੀਤੀਆਂ ਦੇ ਵਿਰੋਧ 'ਚ ਅੱਜ ਯੂਥ ਕਾਂਗਰਸ ਜ਼ਿਲ੍ਹਾ ਕਪੂਰਥਲਾ ਦੇ ਕਾਰਜਕਾਰੀ ਪ੍ਰਧਾਨ ਹਰਨੂਰ ਸਿੰਘ ਮਾਨ (ਹਰਜੀ ਮਾਨ) ਦੀ ਅਗਵਾਈ 'ਚ ਵੱਡੀ ਗਿਣਤੀ 'ਚ ਕਾਂਗਰਸੀ ਰੈਸਟ ਹਾਊਸ ਵਿਖੇ ਇਕੱਠੇ ਹੋਏ ਤੇ ਉੱਥੇ ਕਾਫ਼ਲੇ ਦੇ ਰੂਪ 'ਚ ਚੱਲ ਕੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦੀ ਕੋਠੀ ਵੱਲ ਰਵਾਨਾ ਹੋਏ। ਜਿਉਂ ਹੀ ਉਹ ਅਰਬਨ ਅਸਟੇਟ ਖੇਤਰ ਨਜ਼ਦੀਕ ਪੁੱਜੇ ਤਾਂ ਪੁਲਿਸ ਵਲੋਂ ਬੈਰੀਕੇਡਿੰਗ ਕਰਕੇ ਉਨ੍ਹਾਂ ਨੂੰ ਰੋਕ ਲਿਆ ਗਿਆ।

# ਨਗਰ ਸੁਧਾਰ ਟਰੱਸਟ ਬਟਾਲਾ ਦੇ ਨਵ-ਨਿਯੁਕਤ ਚੇਅਰਮੈਨ ਪਵਨ ਕੁਮਾਰ ਪੰਮਾ ਦਾ ਲੜਕਾ ਕਰੋੜਾਂ ਦੇ ਟੈਕਸ ਰਿਫੰਡ ਮਾਮਲੇ 'ਚ ਗ੍ਰਿਫ਼ਤਾਰ

**ਬਟਾਲਾ/ਲੋਕ ਬਾਣੀ :** ਨਗਰ ਸੁਧਾਰ ਟਰੱਸਟ ਬਟਾਲਾ ਦੇ ਨਵ-ਨਿਯੁਕਤ ਚੇਅਰਮੈਨ ਅਤੇ ਅਚਲੇਸ਼ਵਰ ਧਾਮ ਦੇ ਸੇਵਾਦਾਰ ਪਵਨ ਕੁਮਾਰ ਪੰਮਾ ਦਾ ਲੜਕਾ ਕਰੋੜਾਂ ਦੇ ਟੈਕਸ ਰਿਫੰਡ ਮਾਮਲੇ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਸੈਂਟਰਲ ਗੁਡਜ਼ ਐਂਡ ਸਰਵਿਸਿਜ਼ ਟੈਕਸ ਕਮਿਸ਼ਨੇਟ ਦੇ ਜਲੰਧਰ ਦਫ਼ਤਰ ਦੀ ਟੀਮ ਨੇ ਜਾਅਲੀ ਬਿੱਲ ਦੇ ਫ਼ਰਜ਼ੀ ਰੈਕਟ ਦਾ ਪਰਦਾਫਾਸ਼ ਕੀਤਾ ਹੈ। ਇਹ ਮਾਮਲਾ 16.18 ਕਰੋੜ ਦਾ ਦੱਸਿਆ ਜਾ ਰਿਹਾ ਹੈ। ਉਸ ਦੇ ਨਾਲ ਇਸ ਧੰਦੇ ਵਿਚ 31 ਸਾਲ ਦਾ ਨੌਜਵਾਨ ਪੰਮਾ ਵੀ ਸ਼ਾਮਿਲ ਦੱਸਿਆ ਜਾ ਰਿਹਾ ਹੈ। ਇਸ ਮਾਮਲੇ ਦੀ ਜਾਣਕਾਰੀ ਸੀ.ਜੀ.ਐੱਸ.ਟੀ. ਤੇ ਡਿਪਟੀ ਕਮਿਸ਼ਨਰ ਨੇ ਦਿੱਤੀ।

# ਬਿਹਾਰੀ ਮਜ਼ਦੂਰ ਨੇ 12 ਸਾਲਾਂ ਮਾਸੂਮ ਬੱਚੀ ਨੂੰ ਬਣਾਇਆ ਆਪਣੀ ਹਵਸ ਦਾ ਸ਼ਿਕਾਰ, ਦੋਸ਼ੀ ਕਾਬੂ

**ਮਾਛੀਵਾੜਾ ਸਾਹਿਬ/ਲੋਕ ਬਾਣੀ :** ਇਕ ਵਾਰ ਫਿਰ ਕਿਸੇ ਵਹਿਸ਼ੀ ਦੀ ਹੈਵਾਨੀਅਤ ਨੇ ਇਨਸਾਨੀਅਤ ਨੂੰ ਸ਼ਰਮਸਾਰ ਕੀਤਾ ਹੈ। ਇਹ ਮੰਦਭਾਗੀ ਘਟਨਾ ਮਾਛੀਵਾੜਾ ਸਥਿਤ ਬਿਹਾਰੀ ਮਜ਼ਦੂਰਾਂ ਦੀ ਕਾਲੋਨੀ ਸ਼ਾਂਤੀ ਨਗਰ ਵਿਚ ਉਸ ਸਮੇਂ ਵਾਪਰੀ, ਜਦੋਂ ਪਿਤਾ ਦੇ ਸਾਏ ਤੋਂ ਮਹਿਰੂਮ ਸੱਤਵੀਂ ਕਲਾਸ ਦੀ ਵਿਦਿਆਰਥਣ ਘਰ ਵਿਚ ਇਕੱਲੀ ਸੀ ਤਾਂ ਗੁਆਂਢ ਵਿਚ ਰਹਿੰਦੇ 50 ਸਾਲਾਂ ਪ੍ਰਵਾਸੀ ਮਜ਼ਦੂਰ ਨੇ ਉਸ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਤੇ ਇਸ ਘਟਨਾ ਦਾ ਜਦੋਂ ਪੀੜਤ ਦੀ ਮਾਂ ਨੂੰ ਪਤਾ ਲੱਗਿਆ ਤਾਂ ਉਸ ਨੇ ਤੁਰੰਤ ਇਸ ਘਟਨਾ ਦੀ ਸੂਚਨਾ ਪੁਲਿਸ ਨੂੰ ਦਿੱਤੀ ਅਤੇ ਫ਼ੌਰੀ ਕਾਰਵਾਈ ਤੋਂ ਬਾਅਦ ਦੋਸ਼ੀ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਉਸ ਖ਼ਿਲਾਫ਼ ਧਾਰਾ 376 ਦਾ ਮੁਕੱਦਮਾ ਦਰਜ ਕਰ ਲਿਆ ਗਿਆ।

# ਭਾਰਤ ਨੂੰ ਤੀਸਰੇ ਟੈਸਟ ਮੈਚ ਵਿਚ ਇੰਗਲੈਂਡ ਤੋਂ ਮਿਲੀ ਕਰਾਰੀ ਹਾਰ

**ਨਵੀਂ ਦਿੱਲੀ/ਲੋਕ ਬਾਣੀ :** ਭਾਰਤੀ ਕ੍ਰਿਕਟ ਟੀਮ ਨੂੰ ਲੀਡਸ ਵਿਚ ਸੀਰੀਜ਼ ਦੇ ਤੀਸਰੇ ਟੈਸਟ ਮੈਚ ਵਿਚ ਚੌਥੇ ਦਿਨ ਹੀ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਭਾਰਤ ਦੀ ਦੂਸਰੀ ਪਾਰਟੀ 278 ਦੌੜਾਂ 'ਤੇ ਨਿੱਬੜ ਗਈ ਅਤੇ ਇੰਗਲੈਂਡ ਨੇ 76 ਦੌੜਾਂ ਨਾਲ ਮੈਚ ਆਪਣੇ ਨਾਂ ਕਰ ਲਿਆ। ਜ਼ਿਕਰਯੋਗ ਹੈ ਕਿ ਭਾਰਤ ਪਹਿਲੀ ਪਾਰੀ ਵਿਚ ਮਹਿਜ਼ 78 ਦੌੜਾਂ 'ਤੇ ਖ਼ਤਮ ਹੋ ਗਈ ਸੀ, ਜਿਸ ਤੋਂ ਬਾਅਦ ਇੰਗਲੈਂਡ ਨੇ 432 ਦੌੜਾਂ ਬਣਾ ਕੇ 354 ਦੌੜਾਂ ਦੀ ਬੜ੍ਹਤ ਬਣਾ ਲਈ ਸੀ। 5 ਮੈਚਾਂ ਦੀ ਟੈਸਟ ਸੀਰੀਜ਼ ਵਿਚ ਭਾਰਤ ਇੰਗਲੈਂਡ 1-1 ਦੀ ਬਰਾਬਰੀ 'ਤੇ ਆ ਗਏ ਹਨ। ਸੀਰੀਜ਼ ਦਾ ਪਹਿਲਾ ਮੈਚ ਡਰਾਅ ਰਿਹਾ ਸੀ।

# ਚੰਡੀਗੜ੍ਹ ਨੂੰ ਮਾਤ ਪਾ ਰਹੀਆਂ ਨੇ ਹਲਕਾ ਘਨੌਰ ਦੀਆਂ ਚੌੜੀਆਂ ਤੇ ਮਜ਼ਬੂਤ ਸੜਕਾਂ : ਜਲਾਲਪੁਰ

**ਘਨੌਰ,ਰਾਜਪੁਰਾ/ਸਰਦਾਰਾ ਸਿੰਘ ਲਾਛੜੂ**

ਪੰਜਾਬ ਸਰਕਾਰ ਦੀ ਕਰਜਾ ਰਾਹਤ ਸਕੀਮ ਤਹਿਤ ਸਹਿਕਾਰੀ ਸਭਾ ਨਿਆਮਤਪੁਰ, ਸ਼ੰਭੂ ਕਲਾਂ, ਤੇਪਲਾ ਅਤੇ ਥੂਹਾ ਵਿਖੇ ਕਰਵਾਏ ਗਏ ਸਮਾਗਮਾਂ ਦੌਰਾਨ ਹਲਕਾ ਘਨੌਰ ਦੇ ਵਿਧਾਇਕ ਮਦਨ ਲਾਲ ਜਲਾਲਪੁਰ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕਰਦਿਆਂ 468 ਬੇਜ਼ਮੀਨੇ ਕਿਸਾਨਾਂ ਅਤੇ ਖੇਤ ਮਜਦੂਰਾਂ ਨੂੰ 59 ਲੱਖ 70 ਹਜਾਰ 597 ਰੁਪਏ ਦੀ ਕਰਜਾ ਮੁਆਫੀ ਦੇ ਚੈੱਕ ਪ੍ਰਦਾਨ ਕੀਤੇ। ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗਗਨਦੀਪ ਸਿੰਘ ਜਲਾਲਪੁਰ, ਬਲਾਕ ਪ੍ਰਧਾਨ ਗੁਰਨਾਮ ਸਿੰਘ ਭੂਰੀਮਾਜਰਾ, ਬਲਾਕ ਸੰਮਤੀ ਸ਼ੰਭੂ ਦੇ ਚੇਅਰਮਨ ਅੱਛਰ ਸਿੰਘ ਭੇਡਵਾਲ, ਵਾਈਸ ਚੇਅਰਮੈਨ ਗੁਰਮੀਤ ਸਿੰਘ, ਸਾਬਕਾ ਚੇਅਰਮੈਨ ਬਲਰਾਜ ਸਿੰਘ ਨੌਸ਼ਹਿਰਾ ਅਤੇ ਸਹਾਇਕ ਰਜਿਸਟਰਾਰ ਰਾਜਪੁਰਾ ਕੇ.ਪੀ. ਸਿੰਘ ਵਿਸੇਸ ਤੌਰ ਤੇ ਹਾਜ਼ਰ ਰਹੇ। ਇਸ ਮੌਕੇ ਹੋਏ ਇਕੱਠਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਮਦਨ ਲਾਲ ਜਲਾਲਪੁਰ ਨੇ ਕਿਹਾ ਕਿ ਲੰਘੇ ਸਮਿਆਂ ਦੌਰਾਨ ਹਲਕਾ ਘਨੌਰ ਦੇ ਵਿਧਾਇਕਾਂ ਅਤੇ ਵਜ਼ੀਰਾਂ ਦੀ ਬੇਰੁਖ਼ੀ ਕਾਰਨ ਘਨੌਰ ਬਹੁਤ ਪਛੜਿਆ ਹੋਇਆ ਹਲਕਾ ਬਣ ਚੁੱਕਾ ਸੀ ਪ੍ਰੰਤੂ ਮੇਰੇ ਵੱਲੋਂ ਕੀਤੀ ਗਈ ਸਖ਼ਤ ਮਿਹਨਤ ਅਤੇ ਪੰਜਾਬ ਸਰਕਾਰ ਦੀ ਵਿਸ਼ੇਸ ਮਿਹਰਬਾਨੀ ਸਦਕਾ ਘਨੌਰ ਸੂਬੇ ਦਾ ਨੰਬਰ ਇਕ ਹਲਕਾ ਬਣ ਚੁੱਕਾ ਹੈ ਅਤੇ ਇਥੇ ਬੁਨਿਆਦੀ ਸਹੂਲਤਾਂ ਤੋਂ ਇਲਾਵਾ ਸਿਹਤ, ਸਿੱਖਿਆ, ਰੁਜਗਾਰ ਲਈ ਉਦਯੋਗ ਉਦਯੋਗਿਕ ਇਕਾਈਆਂ ਸਥਾਪਤ ਕਰਨ ਦੇ ਨਾਲ ਨਾਲ ਕਿਸਾਨਾਂ ਲਈ ਕਰਜਾ ਮੁਆਫੀ, ਸਿੰਚਾਈ ਸਹੂਲਤਾਂ, ਮੁਆਵਜਾ ਰਾਸ਼ੀ ਦਾ ਪ੍ਰਬੰਧ ਅਤੇ ਮੰਡੀਆਂ ਦਾ ਨਵੀਨੀਕਰਨ ਕਰਵਾਇਆ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਹਲਕਾ ਘਨੌਰ ਦੀਆਂ ਚੌੜੀਆਂ ਅਤੇ ਮਜ਼ਬੂਤ ਸੜਕਾਂ ਚੰਡੀਗੜ੍ਹ ਨੂੰ ਵੀ ਮਾਤ ਪਾ ਰਹੀਆਂ ਹਨ। ਬੇਜ਼ਮੀਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਕਰਜ਼ਾ ਮੁਆਫ਼ੀ ਲਈ ਉਨ੍ਹਾਂ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਧੰਨਵਾਦ ਕੀਤਾ।

ਇਸ ਮੌਕੇ ਯੂਥ ਕਾਂਗਰਸ ਦੇ ਪ੍ਰਧਾਨ ਇੰਦਰਜੀਤ ਸਿੰਘ ਗਿਫਟੀ, ਚੇਅਰਮੈਨ ਅਮਰਜੀਤ ਸਿੰਘ ਥੂਹਾ, ਬਲਾਕ ਸੰਮਤੀ ਮੈਂਬਰ ਰੋਸ਼ਨ ਨਨਹੇੜਾ, ਪ੍ਰਧਾਨ ਗੁਨਵੰਤ ਸਿੰਘ ਗਿੱਲ, ਪ੍ਰਧਾਨ ਹਰਮੇਸ਼ ਸਿੰਘ ਨੰਬੜਦਾਰ, ਬੀਰ ਦਵਿੰਦਰ ਸਿੰਘ ਸਰਪੰਚ ਪਹਿਰ ਕਲਾਂ, ਗੋਲਡੀ ਸਰਪੰਚ ਪਹਿਰ ਖੁਰਦ, ਸਵਰਨ ਸਿੰਘ ਸਰਪੰਚ ਨਿਆਮਤਪੁਰਾ, ਗੁਰਮੀਤ ਸਿੰਘ ਨਿਆਮਤਪੁਰਾ, ਦਲੀਪ ਸਿੰਘ ਬਾਦਲ ਕਲੋਨੀ, ਨਿਸ਼ਾਨ ਸਿੰਘ, ਮੋਹਣ ਸਿੰਘ ਸਰਪੰਚ ਸ਼ੰਭੂ ਕਲਾਂ, ਸਰਪੰਚ ਸਤਪਾਲ ਸਿੰਘ ਟੋਨੀ, ਸਰਪੰਚ ਸੁਰਜੀਤ ਸਿੰਘ ਜੈ ਨਗਰ, ਸਰਪੰਚ ਹੈਪੀ ਥੂਹਾ, ਅਸ਼ੋਕ ਕੁਮਾਰ ਤੇਪਲਾ, ਸਰਪੰਚ ਲਖਵਿੰਦਰ ਸਿੰਘ ਲੱਖਾ ਕਬੂਲਪੁਰ, ਸਰਪੰਚ ਭੁੱਲਾ ਰਾਮ ਰਾਜਗੜ੍ਹ, ਮਾਨ ਸਿੰਘ ਤੇਪਲਾ, ਸੁਸ਼ੀਲ ਤੇਪਲਾ, ਕਾਕਾ ਤੇਪਲਾ, ਹਰਪਾਲ ਸਿੰਘ ਥੂਹਾ, ਕਲਿਆਣ ਸਿੰਘ, ਗੁਰਦੇਵ ਸਿੰਘ, ਮੋਹਨ ਕੁਮਾਰ ਸਰਪੰਚ ਗਾਰਦੀਨਗਰ, ਹੰਸ ਰਾਜ ਸਰਪੰਚ ਜਨਸੂਆ, ਪ੍ਰਧਾਨ ਅਵਤਾਰ ਸਿੰਘ ਥੂਹਾ, ਸੰਤ ਸਿੰਘ ਸ਼ੰਭੂ ਕਲਾਂ ਸਮੇਤ ਹੋਰ ਵੀ ਹਾਜ਼ਰ ਸਨ।



# ਪੰਜਾਬ ਸਰਕਾਰ ਵਿਰੁੱਧ ਨਾਅਰਿਆਂ ਦੀ ਗੂੰਜ ਨਾਲ ਪਟਿਆਲਾ ਤੋਂ ਬੱਸਾਂ ਦਾ ਕਾਫਲਾ ਮਹਾਂਰੈਲੀ ਲਈ ਮੋਹਾਲੀ ਨੂੰ ਰਵਾਨਾ




**ਪਟਿਆਲਾ/ਜਗਦੀਸ ਰਾਈਕਾ**

ਜਲ ਸਪਲਾਈ ਤੇ ਸੈਨੀਟੇਸ਼ਨ (ਮ) ਇੰਪਲਾਈਜ਼ ਯੂਨੀਅਨ ਪੰਜਾਬ ਜਿਲ੍ਹਾ ਪਟਿਆਲਾ ਦੇ ਪ੍ਰਧਾਨ ਰਾਜਪਾਲ ਸਿੰਘ ਲਸੋਈ ਦੀ ਅਗਵਾਈ ਹੇਠ ਅਣ ਰਵਾਇਜਡ ਅਤੇ ਪਾਰਸਲੀ ਰਿਵਾਇਜਡ ਸਾਂਝਾ ਮੁਲਾਜਮ ਫਰੰਟ ਪੰਜਾਬ ਅਤੇ ਯੂ.ਟੀ. ਵੱਲੋਂ ਸੁਖਨੰਦਨ ਸਿੰਘ ਮੈਂਹਣੀਆ, ਦਲਜੀਤ ਸਿੰਘ ਭਾਂਖਰ, ਮੁਕੇਸ਼ ਕੰਡਾ, ਅਮਨਵੀਰ ਸਹਿਬਾਨ, ਦਲਜੀਤ ਆਗੂਆਂ ਦੀ ਅਗਵਾਈ ਹੇਠ ਹੋਣ ਜਾ ਰਹੀ ਕਰਮਚਾਰੀਆਂ ਦੀਆਂ ਹੱਕੀ ਮੰਗਾਂ ਸਬੰਧੀ ਮਹਾਂ ਰੈਲੀ ਮੋਹਾਲੀ ਫੇਸ8 ਵਿੱਚ ਸ਼ਾਮਿਲ ਹੋਣ ਲਈ ਬਸਾਂ ਦੇ ਕਾਫਲੇ ਨਾਲ ਸੈਂਕੜੇ ਮੁਲਾਜਮਾਂ ਨਾਲ ਸਰਕਾਰ ਖਿਲਾਫ ਨਾਅਰਿਆਂ ਦੇ ਗੂੰਜ ਨਾਲ ਰਵਾਨਾ ਹੋਏ। ਇਸ ਸਮੇਂ ਪ੍ਰਧਾਨ ਲਸੋਈ ਨੇ ਦੱਸਿਆ ਕਿ 1968 ਤੋਂ 2011 ਤੱਕ ਪੇਅ ਪੈਰਟੀ ਬਰਾਬਰ ਲੈ ਰਹੀਆਂ ਕੈਟਾਗਰੀਆਂ ਨੂੰ ਸਬ ਕਮੇਟੀ 2011 ਨੇ ਕੁੱਝ ਕੈਟਗਰੀਆਂ ਨੂੰ ਲਾਭ ਦਿੱਤਾ ਤੇ ਕੁੱਝ ਕੈਟਗਰੀਆਂ ਨੂੰ ਛੱਡ ਦਿੱਤਾ ਜਿਸ ਨਾਲ 5910+20200+1900 ਤੋਂ ਵਧਾ ਕੇ 10300+34800+3200 ਕਰ ਦਿੱਤਾ ਜਦੋਂ ਕਿ ਬਰਾਬਰ ਤੇ ਉੱਚ ਯੋਗਤਾ ਵਾਲੇ ਕਰਮਚਾਰੀਆਂ ਨੂੰ 1900 ਜਾਂ 2400 ਗ੍ਰੇਡ ਵਿੱਚ ਰੱਖ ਦਿੱਤਾ, ਜਿਸ ਨਾਲ ਜਿਥੇ ਮੁਲਾਜਮਾਂ ਦਾ ਆਰਥਿਕ ਤੇ ਮਾਨਸਿਕ ਸ਼ੋਸ਼ਣ ਕੀਤਾ ਗਿਆ ਉਥੇ ਮੁਲਾਜਮ ਪਿਛਲੇ 10 ਸਾਲਾਂ ਤੋਂ ਜਲੀਲ ਵੀ ਹੋ ਰਹੇ ਹਨ। ਧਰਮਪਾਲ ਸਿੰਘ ਕੋਲ ਸੁਖਵੀਰ ਢੀਂਡਸਾ ਤੇ ਵਿਜੇ ਸ਼ਰਮਾ ਨੇ ਕਿਹਾ ਕਿ ਕੱਚੇ ਮੁਲਾਜਮਾਂ ਨੂੰ ਬਿਨਾ ਸ਼ਰਤ ਪੱਕਾ ਕੀਤਾ ਜਾਵੇ ਤੇ ਇਨਲਿਸਟਿਡ ਕਾਮੇ, ਆਊਟ ਸੋਰਸ ਜਾਂ ਵਿਭਾਗੀ ਕੱਚੇ ਮੁਲਾਜਮਾਂ ਨੂੰ ਬਿਨਾ ਸ਼ਰਤ ਪੱਕਾ ਕੀਤਾ ਜਾਵੇ, ਇਸ ਮੌਕੇ ਗੁਰਚਰਨ ਸਿੰਘ, ਸੰਦੀਪ ਸਿੰਘ ਕੰਟਰੈਕਟ ਵਰਕਰ ਯੂਨੀਅਨ, ਪੰਜਾਬ, ਸੰਜੇ ਸਿੰਘ ਅਰੋੜਾਂ, ਗੁਰਮੁੱਖ ਸਿੰਘ, ਰੁਲਦਾ ਸਿੰਘ, ਸੁਖਵਿੰਦਰ ਸਿੰਘ, ਨਿਰਮਲ ਸਿੰਘ ਨਾਭਾ ਰਾਜ ਅਧਾਰ, ਰਾਜ ਕੁਮਾਰ, ਦੀਪਕ ਕੁਮਾਰ, ਸਰਬਜੀਤ ਸਿੰਘ, ਗੁਰਦੇਵ ਸਿੰਘ ਸਿਰਸਵਾਲ, ਨੰਦ ਲਾਲ ਆਦਿ ਆਗੂਆਂ ਨੇ ਸਰਕਾਰ ਖਿਲਾਫ ਨਾਅਰੇਬਾਜੀ ਕੀਤੀ।

# ਕੌਮੀਂ ਖੇਡ ਦਿਵਸ ਮੌਕੇ ਹਾਕੀ ਓਲੰਪੀਅਨ ਧਿਆਨ ਚੰਦ ਨੂੰ 116ਵੇਂ ਜਨਮ ਦਿਵਸ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ

**ਅੰਮ੍ਰਿਤਸਰ/ਲੋਕ ਬਾਣੀ**

100 ਦੇ ਕਰੀਬ ਕੌਮੀਂ ਅਤੇ ਰਾਜ-ਪੱਧਰੀ ਐਥਲੀਟ ਪੈਦਾ ਕਰਕੇ ਭਾਰਤ ਦੇ ਖੇਡ ਨਕਸ਼ੇ ਉੱਪਰ ਆਪਣਾ ਨਾਂਅ ਚਮਕਾਉਣ ਵਾਲੀ ਪੰਜਾਬ ਦੀ ਨਾਮਵਰ ਖੇਡ ਸੰਸਥਾ ਸਰਹੱਦ-ਏ-ਪੰਜਾਬ ਸਪੋਰਟਸ ਕਲੱਬ (ਰਜਿ) ਅੰਮ੍ਰਿਤਸਰ ਦੇ ਪ੍ਰਧਾਨ ਅਤੇ ਪ੍ਰਸਿੱਧ ਖੇਡ ਪ੍ਰੋਮੋਟਰ ਗੁਰਿੰਦਰ ਸਿੰਘ ਮੱਟੂ ਵੱਲੋਂ ਕਲੱਬ ਦੇ ਮੁੱਖ ਸਰਪ੍ਰਸਤ ਹਰਮਨਬੀਰ ਸਿੰਘ ਗਿੱਲ (ਐਸ.ਐਸ.ਪੀ, ਸ਼ਹੀਦ ਭਗਤ ਸਿੰਘ ਨਗਰ) ਦੇ ਦਿਸ਼ਾ ਨਿਰਦੇਸ ਹੇਠ ਅੱਜ ਭਾਰਤ ਦੀ ਰਾਸ਼ਟਰੀ ਖੇਡ ਹਾਕੀ ਦੇ ਜਾਦੂਗਰ ਮੇਜ਼ਰ ਧਿਆਨ ਚੰਦ ਜੋ ਕਿ (29 ਅਗਸਤ 1905) ਨੂੰ ਜਨਮੇ ਓਹਨਾਂ ਦੇ 116ਵੇਂ ਜਨਮ ਦਿਵਸ ਨੂੰ ਸਮਰਪਿਤ ਕੌਮੀਂ ਪੱਧਰ ਤੇ ਮਨਾਏ ਜਾਦੇ "ਰਾਸ਼ਟਰੀ ਖੇਡ ਦਿਵਸ" ਮੌਕੇ ਮੇਜ਼ਰ ਧਿਆਨ ਚੰਦ ਦੀ ਫੋਟੋ ਤੇ ਸ਼ਰਧਾਂ ਦੇ ਫੁੱਲ ਭੇਂਟ ਕਰਦਿਆਂ ਓਹਨਾਂ ਦੀ ਜੀਵਨੀ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਕਲੱਬ ਹਰ ਸਾਲ "ਰਾਸ਼ਟਰੀ ਖੇਡ ਦਿਵਸ" ਮੌਕੇ ਵੱਡਾ ਸਨਮਾਨ ਸਮਾਂਰੋਹ ਕਰਵਾਇਆ ਜਾਂਦਾ ਹੈ ਪਰ ਇਸ ਵਰ੍ਹੇ ਕਰੋਨਾ ਮਹਾਂਮਾਰੀ ਦੌਰਾਨ ਇਸ ਵਰੈ ਸਿਰਫ ਸ਼ਰਧਾਂਜਲੀ ਸਮਾਰੋਹ ਹੀ ਕਰਵਾਇਆ ਗਿਆ ਹੈ ਇਸ ਸੰਬੰਧੀ ਜਾਣਕਾਰੀ ਦਿੰਦੇ ਗੁਰਿੰਦਰ ਸਿੰਘ ਮੱਟੂ ਨੇ ਕਿਹਾ ਹਾਕੀ ਦੇ ਜਾਦੂਗਰ ਧਿਆਨ ਚੰਦ ਦਾ ਜਨਮ ਇਲਾਹਾਬਾਦ ਦੇ ਇਕ ਸਾਧਾਰਨ ਰਾਜਪੂਤ ਪਰਿਵਾਰ ਵਿਚ ਹੋਇਆ ਧਿਆਨ ਚੰਦ ਨੇ ਮੁਢਲੀ ਪੜ੍ਹਾਈ ਪ੍ਰਾਪਤ ਕਰਨ ਤੋਂ ਬਾਅਦ ਫੌਜ ਵਿਚ ਇਕ ਸਿਪਾਹੀ ਦੇ ਤੌਰ 'ਤੇ ਭਰਤੀ ਹੋ ਕੇ ਹਾਕੀ ਖੇਡਣੀ ਸੁਰੂ ਕੀਤੀ। ਸੂਬੇਦਾਰ ਮੇਜਰ ਤਿਵਾੜੀ ਤੋਂ ਹਾਕੀ ਦੀ ਅਜਿਹੀ ਗੁੜਤੀ ਲਈ ਕਿ ਹਾਕੀ ਦੇ ਮੈਦਾਨ ਵਿਚ ਉਹ ਦੁਨੀਆਂ ਦਾ ਮਹਾਨ ਖਿਡਾਰੀ ਬਣ ਗਿਆ। ਭਾਰਤੀ ਹਾਕੀ ਟੀਮ ਲਈ ਧਿਆਨ ਚੰਦ ਦੀ ਚੋਣ ਹੋ ਗਈ। ਹਾਕੀ ਦੇ ਆਦਰਸ ਰਹੇ ਧਿਆਨ ਚੰਦ ਨੂੰ ਭਾਰਤ ਸਰਕਾਰ ਨੇ ਨੂੰ 1956 ਵਿਚ ਪਦਮ ਭੂਸਣ ਐਵਾਰਡ ਨਾਲ ਸਨਮਾਨਿਆ 3 ਦਸੰਬਰ 1979 ਨੂੰ ਸਵੇਰੇ 4.25 ਵਜੇ ਦਿੱਲੀ ਦੇ ਸਰਬ ਭਾਰਤੀ ਮੈਡੀਕਲ ਸੰਸਥਾ ਵਿਖੇ ਭਾਰਤੀ ਹਾਕੀ ਦੇ ਇਸ ਕੋਹਿਨੂਰ ਹੀਰੇ ਤੋਂ ਭਾਰਤ ਸਦਾ ਲਈ ਵਾਝਾ ਹੋ ਗਿਆ। ਆਸਟਰੀਆਂ ਦੀ ਰਾਜਧਾਨੀ ਵਿਆਨਾ ਵਿਚ ਇਸ ਮਹਾਨ ਖਿਡਾਰੀ ਦੇ ਆਦਮਕੱਦ ਬੁੱਤ ਨੂੰ ਲਗਾ ਕੇ ਸਰਧਾਂਜਲੀ ਭੇਟ ਕੀਤੀ ਗਈ ਹੈ ਅੱਜ 29 ਅਗਸਤ ਨੂੰ ਮੇਜਰ ਧਿਆਨ ਚੰਦ ਨੂੰ 116 ਵੇ ਜਨਮ ਦਿਵਸ ਮੌਕੇ ਸਾਰੇ ਭਾਰਤੀ ਰਾਸਟਰੀ ਖੇਡ ਦਿਵਸ ਵਜੋਂ ਮਨਾ ਰਹੇ ਹਨ।



**ਖਿਡਾਰੀਆਂ** ਦੇ ਵਿਚ ਦੇਸ ਭਗਤੀ ਦੀ ਭਾਵਨਾ ਦੇਸ ਨੂੰ ਆਜਾਦ ਹੋਣ ਤੋਂ ਪਹਿਲਾਂ ਤੋਂ ਮਿਲਦੀ ਰਹੀ ਹੈ। ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਨੇ 1936 ਦੀ ਬਰਲਿਨ ਉਲੰਪਿਕ ਦੇ ਫਾਈਨਲ 'ਚੋਂ ਜਵਮਨੀ ਨੂੰ ਹਰਾਉਣ ਦੇ ਵਿਚ ਅਹਿਮ ਭੂਮਿਕਾ ਨਿਭਾਈ ਸੀ। ਜਰਮਨੀ ਦਾ ਤਾਨਾਸਾਹ ਹਿਟਲਰ ਧਿਆਨ ਚੰਦ ਦੀ ਖੇਡ ਤੋਂ ਐਨਾ ਪ੍ਰਭਾਵਿਤ ਹੋਇਆ ਸੀ ਕਿ ਉਸ ਨੇ ਸੰਦੇਸ ਭੇਜ ਕੇ ਸਟੇਡੀਅਮ ਦੇ ਬਾਕਸ 'ਚ ਮਿਲਣ ਲਈ ਸੱਦਿਆ ਸੀ। ਧਿਆਨ ਚੰਦ ਦੇ ਉਥੇ ਪੁੱਜਣ ਤੇ ਬੜੀ ਹੀ ਗਰਮਜੋਸੀ ਨਾਲ ਸਵਾਗਤ ਕੀਤਾ ਸੀ ਤੇ ਜਰਮਨੀ ਦੀ ਸੈਨਾ ਦੇ ਵਿਚ ਵੱਡਾ ਅਹੁਦਾ ਦੇਣ ਦੀ ਪੇਸਕਸ ਕੀਤੀ ਸੀ। ਇਸ 'ਤੇ ਧਿਆਨ ਚੰਦ ਨੇ ਬੜੇ ਹੀ ਆਦਰਪੂਰਬਕ ਇਹ ਪੇਸਕਸ ਨੂੰ ਠੁਕਰਾ ਕੇ ਭਾਰਤ ਨੂੰ ਪਹਿਲ ਦਿੱਤੀ ਸੀ।

# ਮੋਗਾ ਹਲਕੇ ਦੇ ਪਿੰਡਾਂ ਨੂੰ ਮਾਡਲ ਪਿੰਡ ਵਜੋਂ ਵਿਕਸਤ ਕਰਨ ਲਈ ਵਿਧਾਇਕ ਡਾ: ਹਰਜੋਤ ਕਮਲ ਵੱਲੋਂ ਕੀਤੀਆਂ ਜਾ ਰਹੀਆਂ ਨੇ 'ਲੋਕ ਮਿਲਣੀਆਂ'



**ਮੋਗਾ/ਦਵਿੰਦਰ ਸਿੰਘ ਬਿੱਟੂ**

ਸ਼ਹਿਰਾਂ ਦੀ ਤਰਜ਼ 'ਤੇ ਪਿੰਡਾਂ ਦੇ ਵਿਕਾਸ ਨੂੰ ਯਕੀਨੀ ਬਣਾਉਣ ਅਤੇ ਪੰਜਾਬ ਸਰਕਾਰ ਦੇ ਮਾਡਲ ਪਿੰਡ ਪ੍ਰੋਜੈਕਟ ਨੂੰ ਜ਼ਮੀਨੀ ਪੱਧਰ 'ਤੇ ਸਿਰਜ ਕੇ ਆਮ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇ ਨਾਲ ਨਾਲ ਆਧੁਨਿਕ ਤਕਨਾਲੌਜੀ ਦਾ ਲਾਹਾ ਦੇਣ ਦੇ ਮਕਸਦ ਨਾਲ ਵਿਧਾਇਕ ਡਾ: ਹਰਜੋਤ ਕਮਲ ਵੱਲੋਂ ਮੋਗਾ ਹਲਕੇ ਦੇ ਪਿੰਡਾਂ ਦਾ ਨਿਰੰਤਰ ਦੌਰਾ ਕੀਤਾ ਜਾ ਰਿਹਾ ਹੈ ਤਾਂ ਕਿ ਕੋਈ ਵੀ ਪਿੰਡ ਮਾਡਲ ਪਿੰਡ ਵਜੋਂ ਵਿਕਸਤ ਹੋਣ ਤੋਂ ਵਾਝਾਂ ਨਾ ਰਹ। ਇਸੇ ਲੜੀ ਤਹਿਤ ਵਿਧਾਇਕ ਡਾ: ਹਰਜੋਤ ਕਮਲ ਨੇ ਪਿੰਡ ਘੱਲਕਲਾਂ ਵਿਖੇ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਪਿੰਡ ਵਾਸੀਆਂ ਨਾਲ ਲੰਬੀ ਵਿਚਾਰ ਚਰਚਾ ਕੀਤੀ। ਇਸ ਮੌਕੇ ਸਰਪੰਚ ਸਿਮਰਨਜੀਤ ਸਿੰਘ ਰਿੱਕੀ ਘੱਲਕਲਾਂ ਦੀ ਅਗਵਾਈ ਵਿਚ ਪਿੰਡ ਵਾਸੀਆਂ ਨੇ ਪਿੰਡ ਵਿਚ ਮੌਜੂਦ ਧਰਮਸ਼ਾਲਾ ਦੀ ਰਿਪੇਅਰ ਕਰਵਾਉਣ ਦੀ ਅਪੀਲ ਕਰਨ ਦੇ ਨਾਲ

**■ ਪਿੰਡ ਘੱਲਕਲਾਂ ਵਿਚ ਧਰਮਸ਼ਾਲਾ ਅੰਦਰ ਨਵਾਂ ਬੋਰ ਕਰਵਾਉਣ ਅਤੇ ਜਿੰਮ ਦਾ ਕੀਤਾ ਐਲਾਨ**

ਨਾਲ ਧਰਮਸ਼ਾਲਾ 'ਚ ਨਵਾਂ ਬੋਰ ਕਰਵਾਉਣ ਦੀ ਮੰਗ ਵੀ ਕੀਤੀ ਤਾਂ ਕਿ ਕਮਜ਼ੋਰ ਵਰਗ ਦੇ ਲੋਕਾਂ ਨੂੰ ਪੀਣ ਵਾਲਾ ਸ਼ੁੱਧ ਪਾਣੀ ਮੁਹਈਆ ਕਰਵਾਇਆ ਜਾ ਸਕੇ। ਇਸ ਮੌਕੇ ਉਹਨਾਂ ਨੌਜਵਾਨਾਂ ਲਈ ਜ਼ਿਮ ਦੇ ਸਮਾਨ ਦੀ ਵੀ ਮੰਗ ਰੱਖੀ ਤਾਂ ਕਿ ਨੌਜਵਾਨ ਨਸ਼ਿਆਂ ਦੀ ਭੈੜੀ ਵਾਦੀ ਤੋਂ ਬੱਚ ਕੇ ਖੇਡਾਂ ਵੱਲ ਪ੍ਰੇਰਿਤ ਹੋਣ।

ਇਸ ਮੌਕੇ ਵਿਧਾਇਕ ਡਾ: ਹਰਜੋਤ ਕਮਲ ਨੇ ਤੁਰੰਤ ਸਾਰੀਆਂ ਮੰਗਾਂ ਮੰਨਣ ਅਤੇ ਵਿਕਾਸ ਕਾਰਜ ਆਉਣ ਵਾਲੇ ਦਿਨਾਂ ਵਿਚ ਆਰੰਭ ਕਰਵਾਉਣ ਦਾ ਐਲਾਨ ਕੀਤਾ। ਉਹਨਾਂ ਆਖਿਆ ਕਿ ਮੋਗਾ ਹਲਕੇ ਦਾ ਹਰ ਵਾਸੀ ਉਹਨਾਂ ਦੇ ਪਰਿਵਾਰ ਦਾ ਮੈਂਬਰ ਹੈ ਅਤੇ ਉਹ ਆਪਣੇ ਪਰਿਵਾਰ ਦੇ ਮੈਂਬਰਾਂ ਵਾਸਤੇ ਹਰ ਵੇਲੇ ਹਾਜ਼ਰ ਹਨ। ਇਸ ਮੌਕੇ ਸ. ਚਰਨਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ ਜਾਟ ਮਹਾਂ ਸਭਾ, ਸੀਰਾ ਚਕਰ, ਚੇਅਰਮੈਨ ਦੀਸ਼ਾ ਬਰਾੜ, ਜਸਵਿੰਦਰ ਸਿੰਘ ਪ੍ਰਧਾਨ ਕੋਆਪਰੇਟਿਵ ਸੁਸਾਇਟੀ, ਕੁਲਵਿੰਦਰ ਸਿੰਘ ਮੈਂਬਰ ਬਲਾਕ ਸੰਮਤੀ, ਕਰਜਮੀਤ ਸਿੰਘ ਕੰਮਾਂ, ਹਰਬੰਸ ਸਿੰਘ, ਗੁਰਦੀਪ ਸਿੰਘ, ਦਵਿੰਦਰ ਸਿੰਘ, ਗੁਰਮੀਤ ਸਿੰਘ, ਸੁਖਚੈਨ ਸਿੰਘ, ਭਿੰਦਰਜੀਤ ਸਿੰਘ, ਜਸਵੀਰ ਸਿੰਘ, ਤਰਸੇਮ ਸਿੰਘ, ਗੁਰਮੇਲ ਸਿੰਘ, ਜਸਵੀਰ ਕੌਰ, ਜੋਗਿੰਦਰ ਸਿੰਘ, ਗੁਰਪ੍ਰੀਤ ਸਿੰਘ, ਗੁਰਦੇਵ ਸਿੰਘ, ਵਰਿੰਦਰ ਕੁਮਾਰ, ਜਸਦੀਪ ਸਿੰਘ, ਮਨਪ੍ਰੀਤ ਸਿੰਘ, ਬਲਜੀਤ ਸਿੰਘ, ਹਰਦੀਪ ਸਿੰਘ, ਪ੍ਰਭਲ ਭੱਲਾ ਚੇਅਰਮੈਨ ਸ਼ੋਸ਼ਲ ਮੀਡੀਆ ਬਲਾਕ-2 ਆਦਿ ਹਾਜ਼ਰ ਸਨ।

# ਕੈਪਟਨ ਸੰਦੀਪ ਸੰਧੂ ਨੇ ਸ.ਸੀ.ਸੈ. ਸਕੂਲ (ਕੰਨਿਆਂ) ਦਾਖਾ ਵਿਖੇ ਲਗਭਗ 10 ਲੱਖ ਦੀ ਲਾਗਤ ਨਾਲ ਨਵੇਂ ਬਣੇ ਕਮਰਿਆਂ ਦਾ ਕੀਤਾ ਉਦਘਾਟਨ

**■ ਪੰਜਾਬ ਸਰਕਾਰ ਸਕੂਲੀ ਸਿੱਖਿਆ ਨੂੰ ਪ੍ਰਫੁੱਲਿਤ ਕਰਨ ਲਈ ਵਚਨਬੱਧ - ਕੈਪਟਨ ਸੰਧੂ**

**■ ਕਿਹਾ ! ਸਕੂਲ ਦੀਆਂ ਸਾਰੀਆਂ ਮੰਗਾਂ ਜਲਦ ਕੀਤੀਆਂ ਜਾਣਗੀਆਂ ਪੂਰੀਆਂ**

**ਮੁੱਲਾਂਪੁਰ/ਦਾਖਾ/ਸੁਖਚੈਨ ਮਹਿਰਾ**

ਅੱਜ ਕੈਪਟਨ ਸੰਦੀਪ ਸਿੰਘ ਸੰਧੂ, ਸਿਆਸੀ ਸਲਾਹਕਾਰ, ਮੁੱਖ ਮੰਤਰੀ ਪੰਜਾਬ ਨੇ ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਦਾਖਾ ਵਿਖੇ ਸ੍ਰ. ਧਨਵੰਤ ਸਿੰਘ ਮੱਲੇਵਾਲੇ ਦੇ ਸਵ: ਮਾਤਾ ਸੁਰਜੀਤ ਕੌਰ ਅਤੇ ਪਿਤਾ ਸਵ: ਸ੍ਰ. ਸੁਰਜੀਤ ਸਿੰਘ ਮੱਲੇਵਾਲੇ ਦੀ ਯਾਦ ਵਿੱਚ ਲਗਭਗ 10 ਲੱਖ ਦੀ ਲਾਗਤ ਨਾਲ ਨਵੇਂ ਬਣੇ ਕਮਰਿਆਂ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਸ਼੍ਰੀ ਕਰਨਵੀਰ ਸਿੰਘ ਸੇਖੋਂ, ਬਲਾਕ ਪ੍ਰਧਾਨ ਸ੍ਰ. ਮਨਪ੍ਰੀਤ ਸਿੰਘ ਈਸੇਵਾਲ ਅਤੇ ਕੌਂਸਲਰ ਸ੍ਰ ਜਬਰ ਜੰਗ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਿਲ ਸਨ।

ਇਸ ਮੌਕੇ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਡਿੰਪਲ ਮਦਾਨ ਅਤੇ ਸਮੂਹ ਸਟਾਫ ਵੱਲੋਂ ਕੈਪਟਨ ਸੰਦੀਪ ਸੰਧੂ ਨੂੰ ਸਕੂਲ ਪੁੱਜਣ 'ਤੇ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਨਿੱਘਾ ਸਵਾਗਤ ਕੀਤਾ ਗਿਆ। ਕੈਪਟਨ ਸੰਧੂ ਵੱਲੋਂ ਸਕੂਲ ਦਾ ਦੌਰਾ ਕੀਤਾ ਗਿਆ ਉਨ੍ਹਾਂ ਆਧੁਨਿਕ ਤਰੀਕੇ ਨਾਲ ਬਣੇ ਸਕੂਲ ਅਤੇ ਬੱਚਿਆਂ ਵਿੱਚ ਡਿਸਪਲਨ ਦੀ ਸ਼ਲਾਘਾ ਕੀਤੀ।

ਕੈਪਟਨ ਸੰਧੂ ਨੇ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਸਕੂਲ ਸਿੱਖਿਆ ਪੱਖੋਂ ਪੰਜਾਬ ਨੂੰ ਪਹਿਲਾ ਸਥਾਨ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਕਿ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਆਧੁਨਿਕ ਸਿੱਖਿਆ ਮੁਹੱਈਆ ਕਰਵਾਉਣ ਅਤੇ ਸਕੂਲਾਂ ਵਿੱਚ ਉਚੇਰੀ ਸਿੱਖਿਆ, ਬੁਨਿਆਦੀ ਢਾਂਚਾ ਅਤੇ ਹੋਰ ਵਧੀਆਂ ਸਹੂਲਤਾ ਮੁਹੱਈਆ ਕਰਵਾਉਣਾ ਉਨ੍ਹਾਂ ਦਾ ਮੁੱਢਲਾ ਫਰਜ਼ ਹੈ।



ਸਕੂਲ ਪ੍ਰਿੰਸੀਪਲ ਸ਼੍ਰੀਮਤੀ ਡਿੰਪਲ ਮਦਾਨ ਵੱਲੋਂ ਕੈਪਟਨ ਸੰਧੂ ਨੂੰ ਸਕੂਲ ਦੀ ਇਮਾਰਤ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਅਤੇ ਵਿਦਿਆਰਥੀਆਂ ਦੀਆਂ ਸਹੂਲਤਾਂ ਸਬੰਧੀ ਮੰਗਾਂ ਦੱਸੀਆਂ ਗਈਆਂ ਜਿਸ ਸਬੰਧੀ ਕੈਪਟਨ ਸੰਧੂ ਨੇ ਕਿਹਾ ਕਿ ਸਕੂਲ ਦੀਆਂ ਜਿਹੜੀਆਂ ਦੀ ਮੰਗਾਂ ਹਨ ਉਨ੍ਹਾਂ ਨੂੰ ਪੰਚਾਇਤ ਅਤੇ ਪ੍ਰਸ਼ਾਸਨ ਨਾਲ ਤਾਲਮੇਲ ਕਰਕੇ ਜਲਦ ਪੂਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਕੂਲ ਸਿੱਖਿਆ ਨੂੰ ਪ੍ਰਫੁੱਲਿਤ ਕਰਨ ਲਈ ਅਤੇ ਹੋਰ ਉਚਾਈਆਂ ਤੱਕ ਲਿਜਾਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਸ ਸਕੂਲ ਨੂੰ ਕਿਸੇ ਪ੍ਰਕਾਸ ਦੀ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਂਗਰਸੀ ਆਗੂ ਜਤਿੰਦਰ ਦਾਖਾ, ਬਲਾਕ ਸੰਮਤੀ ਮੈਂਬਰ ਸ਼੍ਰੀਮਤੀ ਇੰਦਰਜੀਤ ਕੌਰ, ਸ੍ਰ. ਧਨਵੰਤ ਸਿੰਘ ਸੇਖੋਂ, ਲੈਕਚਰਾਰ ਸ਼੍ਰੀਮਤੀ ਬਲਜਿੰਦਰ ਕੌਰ, ਅਧਿਆਪਕ ਸ਼੍ਰੀਮਤੀ ਰੇਸ਼ਮਜੀਤ ਕੌਰ, ਸ਼੍ਰੀਮਤੀ ਸੁਮਨਜੀਤ ਕੌਰ, ਸ਼੍ਰੀਮਤੀ ਅਮਰੀਕ ਕੌਰ ਸ੍ਰ. ਅਸ਼ੀਸ਼ ਕੁਮਾਰ ਅਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਹਲਕਾ ਖਡੂਰ ਸਾਹਿਬ ਦੇ ਪਿੰਡ ਮੁੰਡਾ ਪਿੰਡ ਅਤੇ ਜੌਹਲ ਅੱਡਾ ਵਿਖੇ ਔਲਖ ਅਤੇ ਸਾਥੀਆਂ ਸਮੇਤ ਡੋਰ ਟੂ ਡੋਰ ਪ੍ਰਚਾਰ ਕੀਤਾ

**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਹਲਕਾ ਖਡੂਰ ਸਾਹਿਬ ਦੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸ੍ਰ ਗੁਰਸੇਵਕ ਸਿੰਘ ਔਲਖ ਵੱਲੋਂ ਅੱਜ ਪਿੰਡ ਪਿੰਡ ਜਾ ਕੇ ਡੋਰ ਟੂ ਡੋਰ ਆਮ ਆਦਮੀ ਪਾਰਟੀ ਦੇ ਕੰਮਾਂ ਤੋਂ ਜਾਣੂ ਕਰਵਾਇਆ ਜੋ ਲੋਕ ਰਵਾਇਤੀ ਪਾਰਟੀਆਂ ਨਾਲ ਜੁੜੇ ਹਨ ਉਨ੍ਹਾਂ ਨੂੰ ਪਾਰਟੀ ਬਾਜੀ ਤੋਂ ਉੱਪਰ ਉੱਠ ਕੇ ਪੰਜਾਬ ਦੇ ਭਲੇ ਵਾਸਤੇ ਚੰਗੀ ਸਰਕਾਰ ਬਣਾਉਣ ਬਾਰੇ ਬੇਨਤੀ ਕੀਤੀ ਜਿਸ ਤਰ੍ਹਾਂ ਹਰ ਰੋਜ਼ ਅਲੱਗ ਅਲੱਗ ਪਿੰਡਾਂ ਵਿੱਚ ਜਾਂਦੇ ਹਾਂ ਲੋਕਾਂ ਵੱਲੋਂ ਆਮ ਆਦਮੀ ਪਾਰਟੀ ਨੂੰ ਬਹੁਤ ਵੱਡਾ ਹੁੰਗਾਰਾ ਮਿਲ ਰਿਹਾ ਹੈ ਵੱਡੀ ਗਿਣਤੀ ਵਿੱਚ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਜਿਸ ਤਰ੍ਹਾਂ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਕੰਮ ਕਰ ਰਹੀ ਹੈ ਸਾਨੂੰ ਪੂਰੀ ਉਮੀਦ ਹੈ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਲੋਕਾਂ ਦੇ ਚਿਹਰੇ ਤੇ ਖੁਸ਼ੀ ਦੀ ਲਹਿਰ ਜ਼ਰੂਰ ਦਿਖੇਗੀ ਅਤੇ ਹਲਕੇ ਦੇ ਲੋਕ ਵੀ 2022 ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਉਤਸਾਹਿਤ ਹਨ ਇਸ ਮੌਕੇ ਰਣਜੀਤ ਸਿੰਘ ਪਵਾਰ ਬਲਾਕ ਪ੍ਰਧਾਨ, ਅਵਤਾਰ ਸਿੰਘ ਚਾਹਲ, ਹਰਪ੍ਰੀਤ ਸਿੰਘ ਧੁੰਨਾ ਮੀਡੀਆ ਇੰਚਾਰਜ, ਰੇਸ਼ਮ ਸਿੰਘ, ਤਰਸੇਮ ਸਿੰਘ ਕੋਹਾੜਕਾ, ਹਰਪ੍ਰੀਤ ਸਿੰਘ ਖਾਨ ਛਾਪੜੀ, ਹਰਜਿੰਦਰ ਸਿੰਘ ਨੀਲ ਕਮਲ ਜੋਸ਼ੀ ਆਦਿ ਮੌਜੂਦ ਸਨ।



ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com

# ਵਿਸ਼ਵ ਵਾਲਮੀਕਿ ਪ੍ਰੀਸ਼ਦ ਦੇ ਵੱਲੋਂ ਮੁੱਖ ਸੰਚਾਲਕ ਸ੍ਰੀ ਰਾਜੇਸ਼ ਘਾਰੂ ਦੀ ਅਗਵਾਈ ਵਿੱਚ ਮਹਾਰਾਣੀ ਪ੍ਰਨੀਤ ਕੌਰ, ਮੈਂਬਰ ਪਾਰਲੀਮੈਂਟ ਪਟਿਆਲਾ ਦੇ ਨਾਲ ਦਲਿਤ ਭਾਈਚਾਰੇ ਦੇ ਉਥਾਨ ਅਤੇ ਕਲਿਆਣ ਲਈ ਇੱਕ ਅਹਿਮ ਮੀਟਿੰਗ ਕੀਤੀ

**ਪਟਿਆਲਾ/ਜਗਦੀਸ ਰਾਈਕਾ**

ਵਿਸਵ ਵਾਲਮੀਕਿ ਪ੍ਰੀਸਦ ਦੇ ਵੱਲੋਂ ਮੁੱਖ ਸੰਚਾਲਕ ਸ੍ਰੀ ਰਾਜੇਸ ਘਾਰੂ ਦੀ ਅਗਵਾਈ ਵਿੱਚ ਮਹਾਰਾਣੀ ਪ੍ਰਨੀਤ ਕੌਰ, ਮੈਂਬਰ ਪਾਰਲੀਮੈਂਟ ਪਟਿਆਲਾ ਦੇ ਨਾਲ ਦਲਿਤ ਭਾਈਚਾਰੇ ਦੇ ਉਥਾਨ ਅਤੇ ਕਲਿਆਣ ਲਈ ਇੱਕ ਅਹਿਮ ਮੀਟਿੰਗ ਕੀਤੀ ਇਸ ਮੌਕੇ ਉਨ੍ਹਾਂ ਇੱਕ ਮੰਗ ਪੱਤਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਮ ਮਹਾਰਾਣੀ ਪ੍ਰਨੀਤ ਕੌਰ ਜੀ, ਮੈਂਬਰ ਪਾਰਲੀਮੈਂਟ ਪਟਿਆਲਾ ਨੂੰ ਸੌਂਪਦੇ ਹੋਏ ਕਿਹਾ ਦਲਿਤ ਭਾਈਚਾਰੇ ਦੀ ਭਾਵਨਾਵਾਂ ਨਾਲ ਜੁੜੀ ਇਹ ਮੰਗ ਆਪ ਜੀ ਦੇ ਰਾਹੀ ਭਾਰਤ ਦੇ ਪ੍ਰਧਾਨ ਮੰਤਰੀ ਤੇ ਪਾਰਲੀਮੈਂਟ ਵਿੱਚ ਪਹੁੰਚਾਉਣ ਦੀ ਕਿਰਪਾਲਤਾ ਕਰਨੀ ਜੀ, ਜਿਸ ਵਿੱਚ ਉਨ੍ਹਾਂ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਭਾਰਤ ਸਰਕਾਰ ,29 ਅਗਸਤ ਨੈਸਨਲ ਖੇਡ ਦਿਵਸ ਮੌਕੇ ਅਰਜੁਨ ਐਵਾਰਡ ਦਾ ਨਾਮ ਬਦਲ ਕੇ ਵੀਰ ਏਕਲੱਵਯ ਐਵਾਰਡ ਰੱਖੇ, ਕਿਉਂਕਿ ਇਤਿਹਾਸ ਗਵਾਹ ਹੈ ਕਿ ਵਿਸਵ ਦਾ ਸਭ ਤੋਂ ਵੱਡਾ ਤੀਰ ਅੰਦਾਜ ਵੀਰ ਏਕਲੱਵਯ ਹੈ ਜਿਸ ਨੂੰ ਦਲਿਤ ਸਮਾਜ ਦੇ ਵਿੱਚੋਂ ਹੋਣ ਕਰਕੇ ਬਣਦਾ ਮਾਣ ਸਤਿਕਾਰ ਨਹੀਂ ਮਿਲਿਆ ਕੀ ਰਾਜੀਵ ਗਾਂਧੀ ਖੇਡ ਰਤਨ ਐਵਾਰਡ ਦਾ ਨਾਮ ਬਦਲ ਕੇ ਮੇਜਰ ਧਿਆਨ ਚੰਦ ਖੇਲ ਰਤਨ ਐਵਾਰਡ ਰੱਖਣ ਵਾਲੀ ਕੇਂਦਰ ਸਰਕਾਰ ਅਰਜੁਨ ਐਵਾਰਡ ਦਾ ਨਾਮ ਬਦਲ ਕੇ ਵੀਰ ਏਕਲੱਵਯ ਐਵਾਰਡ ਵੀ ਰੱਖੇਗੀ ? ਇਸ ਮੌਕੇ ਪ੍ਰਨੀਤ ਕੌਰ, ਮੈਂਬਰ ਪਾਰਲੀਮੈਂਟ ਪਟਿਆਲਾ ਵੱਲੋਂ ਸਾਰੇ ਦਲਿਤ ਮਸਲਿਆਂ ਦਾ ਛੇਤੀ ਹੱਲ ਕਰਨ ਦਾ ਵਿਸਵਾਸ ਦਿਵਾਉਂਦਿਆ ਕਿਹਾ ਕਿ ਜਿਥੇ ਇਹ ਮੰਗ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਜਰੂਰ ਭੇਜਣਗੇ ਉਥੇ ਦਲਿਤਾਂ ਦੀ ਇਹ ਆਵਾਜ ਪਾਰਲੀਮੈਂਟ ਵਿੱਚ ਪਹੁੰਚਾਉਣਗੇ ਸ੍ਰੀ ਰਾਜੇਸ ਘਾਰੂ ਨੇ ਪ੍ਰਨੀਤ ਕੌਰ, ਮੈਂਬਰ ਪਾਰਲੀਮੈਂਟ ਪਟਿਆਲਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਦਾ ਸਮੁੱਚਾ ਦਲਿਤ ਸਮਾਜ ਕਾਂਗਰਸ ਪਾਰਟੀ ਦੇ ਨਾਲ ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਚੱਟਾਨ ਵਾਂਗ ਖੜਿਆ ਹੈ ਤੇ 2022 ਵਿਚ ਦੁਬਾਰਾ ਕੈਪਟਨ ਅਮਰਿੰਦਰ ਸਿੰਘ ਹੀ ਮੁੱਖ ਮੰਤਰੀ ਬਣਨਗੇ। ਇਸ ਮੌਕੇ ਪ੍ਰੀਸਦ ਦੇ ਰਾਸਟਰੀਯ ਮੀਤ ਪ੍ਰਧਾਨ ਰੋਹਿਤ ਸੁਖੀਜਾ, ਕੁਲਦੀਪ ਕੌਰ, ਪੰਜਾਬ ਪ੍ਰਧਾਨ, ਐਡਵੋਕੇਟ ਰਣਧੀਰ ਸਿੰਘ ਮੁੱਖ ਕਾਨੂੰਨੀ ਸਲਾਹਕਾਰ ਅਤੇ ਪ੍ਰੀਸਦ ਦੇ ਹੋਰ ਆਗੂ ਹਾਜਰ ਸਨ।

# ਐਡਵੋਕੇਟ ਨਮੋਲ ਵੱਲੋਂ ਵਿਧਾਇਕ ਸੁਨਾਮ ਨੂੰ ਲਿਖਿਆ ਗਿਆ ਯਾਦ ਪੱਤਰ

**■ ਮਾਮਲਾ 2017 ਤੋਂ ਬਣਦੇ ਟੈਕਸ ਨੂੰ ਮੁੜ ਸਰਕਾਰੀ ਖਜਾਨੇ ਵਿੱਚ ਜਮਾਂ ਕਰਵਾਉਣ ਦਾ**



**ਸੁਨਾਮ/ਵਰਮਾ**

ਪਿਛਲੇ ਦਿਨੀਂ ਜਾਗਦਾ ਪੰਜਾਬ ਮਿਸ਼ਨ ਦੇ ਯੂਥ ਇੰਚਾਰਜ ਜੋਨ ਸੁਨਾਮ ਅਤੇ ਸਮਾਜ ਸੇਵੀ ਐਡਵੋਕੇਟ ਮਨਪ੍ਰੀਤ ਸਿੰਘ ਨਮੋਲ ਵੱਲੋਂ ਜਨਤਕ ਆਰ.ਟੀ.ਆਈ. ਰਿਪੋਰਟ ਦੇ ਆਧਾਰ ਤੇ ਸੁਨਾਮ ਵਿਧਾਇਕ ਨੂੰ ਜਨਤਕ ਅਪੀਲ ਕੀਤੀ ਗਈ ਸੀ ਕਿ ਵਿਧਾਇਕ ਸੁਨਾਮ ਦਾ ਨਾਮ ਉਹਨਾਂ 93 ਵਿਧਾਇਕਾਂ ਦੀ ਸੂਚੀ ਵਿੱਚ ਪਹਿਲੇ ਨੰਬਰ ਤੇ ਸ਼ਾਮਿਲ ਹੈ ਜਿਨ੍ਹਾਂ ਦੀ ਤਨਖਾਹ ਤੇ ਬਣਦਾ ਟੈਕਸ ਸਰਕਾਰੀ ਖਜਾਨੇ ਵਿੱਚੋਂ ਭਰਿਆ ਜਾਂਦਾ ਹੈ। ਇਸ ਅਪੀਲ ਤੋਂ ਬਾਅਦ ਵਿਧਾਇਕ ਸੁਨਾਮ ਵੱਲੋਂ ਇੱਕ ਚਿੱਠੀ ਵਿਧਾਨ ਸਭਾ ਸਪੀਕਰ ਨੂੰ ਭੇਜ ਕੇ ਭਵਿੱਖ ਵਿੱਚ ਆਪਣਾ ਟੈਕਸ ਖੁਦ ਭਰਨ ਦੀ ਗੱਲ ਕਹੀ ਗਈ ਸੀ। ਪਰ ਵਿਧਾਇਕ ਸੁਨਾਮ ਵੱਲੋਂ 2017 ਤੋਂ ਉਹਨਾਂ ਦੀ ਤਨਖਾਹ ਤੇ ਬਣਦੀ ਰਕਮ ਨੂੰ ਮੁੜ ਸਰਕਾਰੀ ਖਜਾਨੇ ਵਿੱਚ ਜਮਾਂ ਕਰਵਾਉਣ ਸਬੰਧੀ ਕੋਈ ਕਦਮ ਨਹੀਂ ਚੁੱਕਿਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਨਮੋਲ ਨੇ ਕਿਹਾ ਕਿ ਸੂਬੇ ਤੇ ਪਹਿਲਾਂ ਹੀ ਪੌਣੇ ਤਿੰਨ ਲੱਖ ਕਰੋੜ ਦਾ ਕਰਜ਼ਾ ਸੀ ਅਤੇ ਮੌਜੂਦਾ ਕਾਂਗਰਸ ਸਰਕਾਰ ਵੱਲੋਂ ਸਰਕਾਰ ਚਲਾਉਣ ਲਈ ਕੇਂਦਰ ਤੋਂ 90 ਹਜਾਰ ਕਰੋੜ ਰੁਪਏ ਦਾ ਹੋਰ ਕਰਜਾ ਚੁਕਿਆ ਗਿਆ ਹੈ। ਅਜਿਹੀ ਮਾੜੀ ਆਰਥਿਕਤਾ ਨੂੰ ਵੇਖਦੇ ਹੋਏ ਵਿਧਾਇਕ ਸੁਨਾਮ ਨੂੰ ਯਾਦ ਦਿਵਾਉਂਦੇ ਹੋਏ ਇੱਕ ਯਾਦ ਪੱਤਰ ਲਿਖਿਆ ਗਿਆ ਹੈ। ਜਿਸ ਵਿੱਚ ਵਿਧਾਇਕ ਸੁਨਾਮ ਨੂੰ ਅਪੀਲ ਕੀਤੀ ਗਈ ਹੈ ਕਿ ਜਿਸ ਤਰ੍ਹਾਂ ਉਹਨਾਂ ਨੇ ਪਹਿਲਕਦਮੀ ਕਰਦੇ ਹੋਏ ਟੈਕਸ ਖੁਦ ਭਰਨ ਲਈ ਕਦਮ ਚੁੱਕਿਆ ਹੈ, ਉਸੇ ਤਰਾਂ ਹੀ ਪੰਜਾਬ ਦੇ ਮਾੜੇ ਆਰਥਿਕ ਹਾਲਤਾਂ ਨੂੰ ਮੁਖ ਰੱਖਦੇ ਹੋਏ 2017 ਤੋਂ ਵਿਧਾਇਕ ਦੀ ਤਨਖਾਹ ਤੇ ਸਰਕਾਰੀ ਤੌਰ ਤੇ ਭਰੇ ਗਏ ਟੈਕਸ ਦੀ ਜੋ ਰਕਮ ਬਣਦੀ ਹੈ, ਉਸ ਰਕਮ ਨੂੰ ਵਿਧਾਇਕ ਮੁੜ ਸਰਕਾਰੀ ਖਜਾਨੇ ਵਿੱਚ ਜਮਾਂ ਕਰਵਾਉਣ ।ਤਾਂ ਕਿ ਇਹ ਬਾਕੀ ਦੇ 92 ਵਿਧਾਇਕਾਂ ਲਈ ਵੀ ਹਲਕਾ ਸੁਨਾਮ ਮਿਸਾਲ ਬਣ ਸਕੇ। ਐਡਵੋਕੇਟ ਨਮੋਲ ਵੱਲੋਂ ਪਹਿਲਾਂ ਵੀ ਹਲਕਾ ਸੁਨਾਮ ਦੇ ਮਤਦਾਤਾ ਹੋਣ ਨਾਤੇ ਆਪਣੇ ਚੁਣੇ ਹੋਏ ਵਿਧਾਇਕ ਨੂੰ ਟੈਕਸ ਭਰਨ ਦੀ ਜਨਤਕ ਅਪੀਲ ਕੀਤੀ ਸੀ। ਪਰ ਵਿਧਾਇਕ ਸੁਨਾਮ ਵੱਲੋਂ ਕੋਈ ਤਰਜੀਹ ਨਹੀਂ ਦਿੱਤੀ ਗਈ। ਜਿਸ ਕਾਰਨ ਉਨ੍ਹਾਂ ਨੂੰ ਵਿਧਾਇਕ ਸੁਨਾਮ ਦੇ ਨਾਂ ਯਾਦ ਪੱਤਰ ਲਿਖਣਾ ਪਿਆ।ਐਡਵੋਕੇਟ ਨਮੋਲ ਨੇ ਦੱਸਿਆ ਕਿ ਜੇਕਰ 93 ਵਿਧਾਇਕਾਂ ਵੱਲੋਂ ਇਹ ਟੈਕਸ ਰੂਪੀ ਰਕਮ ਮੁੜ ਸਰਕਾਰੀ ਖਜਾਨੇ ਵਿੱਚ ਜਮਾਂ ਹੁੰਦੀ ਹੈ ਤਾਂ ਸਰਕਾਰੀ ਖਜਾਨੇ ਵਿੱਚ ਕਰੋੜਾਂ ਰੁਪਏ ਜਮਾਂ ਹੋ ਸਕਦੇ ਹਨ। ਜੋ ਕਿ ਪੰਜਾਬ ਡੁੱਬ ਰਹੀ ਆਰਥਿਕਤਾ ਲਈ ਵੱਡੀ ਰਾਹਤ ਹੋਵੇਗੀ। ਐਡਵੋਕੇਟ ਨਮੋਲ ਨੇ ਰਿਪੋਰਟ ਮੁਤਾਬਕ ਰਿਕਾਰਡ ਦਿਖਾਉਂਦੇ ਹੋਏ ਦੱਸਿਆ ਕਿ ਇਹਨਾਂ 93 ਵਿਧਾਇਕਾਂ ਦੀਆਂ ਤਨਖਾਹਾਂ ਦਾ ਟੈਕਸ ਜੋ ਸਰਕਾਰੀ ਖਜਾਨੇ ਵਿੱਚੋਂ ਭਰਿਆ ਗਿਆ ਉਹ ਸਾਲ 2017-18 ਦਾ ਲੱਗਭਗ 83 ਲੱਖ, ਸਾਲ 2018-19 ਦਾ ਲੱਗਭਗ 66 ਲੱਖ, ਸਾਲ 2019-2020 ਦਾ ਲੱਗਭਗ 65 ਲੱਖ, ਸਾਲ 2020-21 ਦਾ ਲੱਗਭਗ ਸਾਢੇ 62 ਲੱਖ ਰੁਪਏ ਦੀ ਰਕਮ ਬਣਦੀ ਹੈ। ਜੇਕਰ ਇੰਨ੍ਹਾਂ ਸਾਰੀਆਂ ਰਕਮਾਂ ਦਾ ਕੁੱਲ ਜੋੜ ਕੀਤਾ ਜਾਵੇ ਤਾਂ ਲਗਭਗ ਪੌਣੇ ਤਿੰਨ ਕਰੋੜ ਰੁਪਏ ਤੋਂ ਵੱਧ ਦੀ ਰਕਮ ਦਾ ਸਰਕਾਰੀ ਖਜਾਨੇ ਭਾਵ ਪੰਜਾਬ ਦੇ ਲੋਕਾਂ ਨੂੰ ਚੂਨਾ ਲਗਾਇਆ ਗਿਆ ਹੈ।ਐਡਵੋਕੇਟ ਨਮੋਲ ਨੇ ਕਿਹਾ ਕਿ ਸਿਤਮ ਦੀ ਗੱਲ ਇਹ ਹੈ ਕਿ ਸਰਕਾਰੀ ਖ਼ਜ਼ਾਨੇ ਨੂੰ ਚੂਨਾ ਲਗਾਉਣ ਵਾਲੇ ਵਿਧਾਇਕ ਆਪਣੇ ਆਪ ਨੂੰ ਇਮਾਨਦਾਰ ਵੀ ਸਾਬਤ ਕਰਨ ਤੇ ਲੱਗੇ ਹੋਏ ਹਨ। ਨਮੋਲ ਨੇ ਦੁਬਾਰਾ ਅਪੀਲ ਕਰਦੇ ਹੋਏ ਕਿਹਾ ਕਿ ਵਿਧਾਇਕ ਸੁਨਾਮ ਵੱਲੋਂ ਲੱਖਾਂ ਰੁਪਏ ਦਾ ਟੈਕਸ ਦਾ ਪੈਸਾ ਮੁੜ ਸਰਕਾਰੀ ਖਜਾਨੇ ਵਿੱਚ ਭਰ ਕੇ ਆਪਣੇ ਆਪ ਨੂੰ ਪੰਜਾਬ ਹਿਤੈਸ਼ੀ ਸਾਬਤ ਕਰਨ ਅਤੇ ਸੂਬੇ ਦੇ ਲੋਕਾਂ ਸਾਹਮਣੇ ਹਲਕਾ ਸੁਨਾਮ ਦਾ ਨਾਮ ਉੱਚਾ ਕਰਨ ਦਾ ਮੌਕਾ ਨਹੀਂ ਗੰਵਾਉਣਾ ਚਾਹੀਦਾ।

# ਨਾਮ ਸਿਮਰਨ ਅਭਿਆਸ ਅੱਜ

**ਲੁਧਿਆਣਾ/ਕਰਨੈਲ ਸਿੰਘ ਐੱਮ.ਏ.**





ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ਼ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ ਲੁਧਿਆਣਾ ਵਿਖੇ ਹਫ਼ਤਾਵਾਰੀ ਨਾਮ ਸਿਮਰਨ ਅਭਿਆਸ 29 ਅਗਸਤ ਦਿਨ ਐਤਵਾਰ ਨੂੰ ਸ਼ਾਮ 7.30 ਵਜੇ ਤੋਂ 8.30 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਕਰਨੈਲ ਸਿੰਘ ਤੇ ਖ਼ਜ਼ਾਨਚੀ ਸੁਰਜੀਤ ਸਿੰਘ ਖੁਰਾਣਾ ਵੱਲੋਂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਵੱਧ ਤੋਂ ਵੱਧ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫ਼ਲ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ।

# ਆਪ ਲਿਆਓ ਪੰਜਾਬ ਦੀ ਜਵਾਨੀ ਬਚਾਓ : ਔਲਖ



**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਹਲਕਾ ਖਡੂਰ ਸਾਹਿਬ ਦੇ ਪਿੰਡ ਜਮਾਰਾਏ ਵਿਖ਼ੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਗੁਰਸੇਵਕ ਸਿੰਘ ਔਲਖ ਨੇ ਪੱਤਰਕਾਰਾਂ ਨਾਲ ਗੱਲ-ਬਾਤ ਕਰਦੇ ਕਿਹਾ ਕਿ ਨੌਜਵਾਨ ਬਹੁਤ ਵੱਡੀ ਗਿਣਤੀ ਚ ਆਮ ਆਦਮੀ ਪਾਰਟੀ ਨਾਲ ਜੁੜ ਰਿਹੇ ਹਨ ਤੇ ਆਮ ਆਦਮੀ ਪਾਰਟੀ ਹੀ ਇਕ ਅਜਿਹੀ ਪਾਰਟੀ ਹੈ ਜਿਸ ਤੇ ਨੌਜਵਾਨ ਪੀੜੀ ਨੂੰ ਆਸ ਹੈ ਨੌਜਵਾਨ ਪੰਜਾਬ ਚ ਬਦਲਾਅ ਚਾਹੁੰਦੇ ਹਨ ਤੇ ਪੰਜਾਬ ਵਿਚ ਜੋ ਨਸ਼ੇ ਦਾ ਕਰੋਬਾਰ ਜੋਰਾ ਤੇ ਚੱਲ ਰਹੇ ਹਨ ਉਸ ਨੂੰ ਪੂਰੇ ਪੰਜਾਬ ਵਿੱਚੋ ਸਖਤੀ ਨਾਲ ਬੰਦ ਕਰਨ ਦੀ ਮੰਗ ਕੀਤੀ ਅਤੇ ਨਾਲ ਹੀ ਨੌਜਵਾਨ ਪੀੜੀ ਨੂੰ ਰੋਜਗਾਰ ਅਤੇ ਨੌਕਰੀ ਤੇ ਲਾਇਆ ਜਾਵੇ ਔਲਖ ਨੇ ਵੀ ਨੌਜਵਾਨਾ ਨੂੰ ਵਿਸ਼ਵਾਸ ਦਵਾਇਆ ਕਿ ਸਾਡੀ ਸਰਕਾਰ ਆਉਦੀਆਂ ਹੀ ਇਹ ਨੌਜਵਾਨ ਯੂਥ ਦੀ ਮੰਗ ਨੂੰ ਪਹਿਲ ਦੇ ਆਧਾਰ ਤੇ ਪੂਰੀ ਕੀਤੀ ਜਾਵੇਗੀ ਔਲਖ ਨੇ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 2022 ਚ ਯੂਥ ਦਾ ਬਹੁਤ ਵੱਡਾ ਰੋਲ ਰਹੇਗਾ ਨੌਜਵਾਨ ਨੇ ਔਲਖ ਨੂੰ ਵਿਸ਼ਵਾਸ ਦਿਵਾਇਆ ਕਿ ਇਸ ਵਾਰ ਹਲਕਾ ਖਡੂਰ ਸਾਹਿਬ ਵਿਚੋਂ ਇਤਿਹਾਸ ਰਚਿਆਂ ਜਾਏਗਾ ਆਮ ਆਦਮੀ ਪਾਰਟੀ ਇਸ ਵਾਰ ਪੂਰੀ ਲੀਡ ਨਾਲ ਜਿੱਤੇਗੀ ਕਿਉਂਕਿ ਅਕਾਲੀ ਕਾਂਗਰਸ ਨੇ ਆਪੋ ਆਪਣੇ ਰਾਜ ਵਿੱਚ ਸਾਡੇ ਪੰਜਾਬ ਦੇ ਨੌਜਵਾਨਾਂ ਨੂੰ ਰੁਜਗਾਰ ਦੀ ਜਗਾ ਨਸੇ ਦੇ ਨਾਮ ਤੇ ਸਿਰਫ ਤੇ ਸਿਰਫ ਬਦਨਾਮ ਕੀਤਾ ਨੌਜਵਾਨ ਪੜ ਲਿਖ ਕੇ ਵੀ ਯੂਥ ਸੜਕਾਂ ਤੇ ਰੁਲ ਰਿਹਾ ਹੈ ,ਸਰਕਾਰਾਂ ਨੌਕਰੀਆਂ ਦੇਣ ਦੀ ਬਜਾਏ ਕੁੱਟ ਮਾਰ ਕਰਕੇ ਸਾਡੀ ਜਵਾਨੀ ਨੂੰ ਸੜਕਾਂ ਤੇ ਰੋਲ ਰਹੀਆਂ ਹਨ ਇਸ ਕਰਕੇ ਇਹਨਾਂ ਨੌਜਵਾਨਾਂ ਨੇ ਆਮ ਆਦਮੀ ਪਾਰਟੀ ਦਾ ਪੂਰਾ ਸਾਥ ਦੇਣ ਦਾ ਮਨ ਬਣਾਇਆ ਹੈ ਇਸ ਮੌਕੇ ਔਲਖ ਨੇ ਕਿਹਾ ਕਿ ਪੰਜਾਬ ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਦਿਆਂ ਹੀ ਘਰ ਘਰ ਸਹੂਲਤਾਂ ਦਿੱਤੀਆਂ ਜਾਣਗੀਆਂ ਅਤੇ ਜੋ ਵਾਧੇ ਸਾਡੀ ਸਰਕਾਰ ਕਰ ਰਹੀ ਹੈ ਉਸ ਨੂੰ ਪਹਿਲ ਦੇ ਆਧਾਰ ਤੇ ਪੂਰਾ ਕਰਾਗੇ ਇਸ ਮੋਕੇ ਓਨਾ ਨਾਲ ਜਾਮਾਰਾਏ ਤੋਂ ਸਰਬ ਰਾਏ ,ਪਰਮਜੀਤ ਰਾਏ,ਰਣਜੀਤ ਰਾਏ,ਮਨਜਿੰਦਰ ਸਿੰਘ ,ਲਵਪ੍ਰੀਤ ਸਿੰਘ ,ਸਰਬਜੀਤ ਸਿੰਘ 'ਜਗਰੂਪ ਸਿੰਘ ਹਰਪ੍ਰੀਤ ਕੋਟ ,ਜਰਨੈਲ ਸਿੰਘ ,ਹਰਪਾਲ ਸਿੰਘ ,ਹੁਸਨਪ੍ਰੀਤ ਪਵਾਰ ਆਦਿ ਹਾਜਰ ਹੋਏ।

# ਸੰਗਰੂਰ ਦੇ ਨਵੇਂ ਐਸ.ਐਸ.ਪੀ. ਸਵਪਨ ਸ਼ਰਮਾ ਦਾ ਭਾਜਪਾ ਕਿਸਾਨ ਮੋਰਚਾ ਵੱਲੋਂ ਨਿੱਘਾ ਸਵਾਗਤ



**ਸੰਗਰੂਰ/ਵਰਮਾ**

ਜਿਲ੍ਹਾ ਸੰਗਰੂਰ ਦੇ ਨਵੇਂ ਆਏ ਐਸ.ਐਸ.ਪੀ. ਸਵਪਨ ਸ਼ਰਮਾ ਦਾ ਭਾਜਪਾ ਕਿਸਾਨ ਮੋਰਚਾ ਪੰਜਾਬ ਦੇ ਸੂਬਾ ਜਨਰਲ ਸਕੱਤਰ ਮਨਿੰਦਰ ਸਿੰਘ ਕਪਿਆਲ ਅਤੇ ਉਨ੍ਹਾਂ ਨਾਲ ਸੁਨੀਲ ਗੋਇਲ ਡਿੰਪਲ, ਲਲਿਤ ਗਰਗ ਅਤੇ ਮਨਦੀਪ ਸਿੰਘ ਜੱਗੀ ਵੱਲੋਂ ਬੁੱਕੇ ਭੇਂਟ ਕਰਕੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਵੇਂ ਐਸ.ਐਸ.ਪੀ. ਨੂੰ 'ਜੀ ਆਇਆਂ' ਕਿਹਾ ਅਤੇ ਜ਼ਿਲ੍ਹਾ ਸੰਗਰੂਰ ਵਿਖੇ ਨਸ਼ੇ ਅਤੇ ਹੋਰ ਫੈਲੀਆਂ ਬੁਰਾਈਆਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਸ੍ਰੀ ਸਵਪਨ ਸ਼ਰਮਾ ਨੇ ਵੀ ਵਿਸ਼ਵਾਸ ਦਿਵਾਇਆ ਕਿ ਉਹ ਲੋਕਾਂ ਦੇ ਸਹਿਯੋਗ ਨਾਲ ਜ਼ਿਲ੍ਹਾ ਸੰਗਰੂਰ ਵਿਖੇ ਨਸ਼ੇ ਵਰਗੀ ਬੁਰਾਈ ਦੇ ਖਾਤਮੇ ਲਈ ਪੁਲਿਸ ਦੀ ਮੁਹਿੰਮ ਨੂੰ ਹੋਰ ਤੇਜ ਕਰਨਗੇ।ਐਸਐਸਪੀ ਸਵਪਨ ਸ਼ਰਮਾ ਨੇ ਕਿਹਾ ਕਿ ਜ਼ਿਲ੍ਹਾ ਪੁਲਿਸ ਮੁਖੀ ਹੋਣ ਦੇ ਨਾਤੇ ਉਹ ਖੁਦ ਅਤੇ ਜਲ੍ਹਿਾ ਪੁਲਿਸ, ਜ਼ਿਲ੍ਹੇ ਦੇ ਲੋਕਾਂ ਦੀ ਸੁਰੱਖਿਆ ਲਈ ਵਚਨਬੱਧ ਹੈ। ਪੁਲਿਸ ਪ੍ਰਸ਼ਾਸਨ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਦਾ ਢੁੱਕਵਾਂ ਹੱਲ ਕਰਨ ਲਈ ਉਨ੍ਹਾਂ ਵੱਲੋਂ ਜਲਦੀ ਹੀ ਪੁਲਿਸ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਜਾਵੇਗੀ। ਤਾਂ ਕਿ ਅਪਰਾਧ ਤੇ ਨੱਥ ਪਾਈ ਜਾ ਸਕੇ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਜ਼ਿਲ੍ਹੇ ਵਿੱਚੋਂ ਬੁਰਾਈਆਂ ਨੂੰ ਖਤਮ ਕਰਨ ਲਈ ਜ਼ਿਲ੍ਹੇ ਵਾਸੀਆਂ ਦੇ ਸਹਿਯੋਗ ਦੀ ਪੁਲਿਸ ਨੂੰ ਬਹੁਤ ਜ਼ਰੂਰਤ ਹੈ। ਇਸ ਲਈ ਜੇਕਰ ਕਿਸੇ ਨੂੰ ਵੀ ਕੋਈ ਸ਼ੱਕੀ ਅਨਸਰ ਜਾਂ ਸੰਭਾਵੀ ਅਣਸੁਖਾਵੀਂ ਘਟਨਾ ਸਬੰਧੀ ਕਿਸੇ ਤਰ੍ਹਾਂ ਦੀ ਕੋਈ ਜਾਣਕਾਰੀ ਮਿਲਦੀ ਹੈ ਤਾਂ ਇਸ ਦੀ ਸੂਚਨਾ ਜਲਦੀ ਤੋਂ ਜਲਦੀ ਪੁਲਿਸ ਅਧਿਕਾਰੀਆਂ ਨੂੰ ਦਿੱਤੀ ਜਾਵੇ। ਤਾਂ ਕਿ ਸਮਾਂ ਰਹਿੰਦੇ ਸੰਭਾਵੀ ਮਾੜੀਆਂ ਘਟਨਾਵਾਂ ਤੇ ਕਾਬੂ ਪਾਇਆ ਜਾ ਸਕੇ ਅਤੇ ਜ਼ਿਲ੍ਹੇ ਵਿੱਚ ਲਾਅ-ਐਂਡ- ਆਰਡਰ ਕਾਇਮ ਰਹੇ ਤੇ ਸੁੱਖ-ਸ਼ਾਂਤੀ ਕਾਇਮ ਰੱਖੀ ਜਾ ਸਕੇ।

# ਪੁਲਿਸ ਕਮਿਸ਼ਨਰ ਵੱਲੋਂ ਭਾਰ ਢੋਹਣ ਵਾਲੀਆਂ ਗੱਡੀਆਂ 'ਤੇ ਆਮ ਜਨਤਾ ਨੂੰ ਲਿਜਾਣ ਤੇ ਢੋਣ 'ਤੇ ਪਾਬੰਦੀ ਦੇ ਹੁਕਮ ਜਾਰੀ

**ਲੁਧਿਆਣਾ/ਕਰਨ ਅਗਰਵਾਲ**

ਪੁਲਿਸ ਕਮਿਸ਼ਨਰ ਲੁਧਿਆਣਾ ਸ. ਨੌਨਿਹਾਲ ਸਿੰਘ ਨੇ ਜ਼ਾਬਤਾ ਫੌਜਦਾਰੀ ਸੰਘਤਾ 1973 (1974 ਦਾ ਐਕਟ ਨੰ 2) ਦੀ ਧਾਰਾ 144 ਸੀ.ਆਰ.ਪੀ.ਸੀ. ਅਧੀਨ ਸੌਂਪੇ ਗਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪੁਲਿਸ ਕਮਿਸ਼ਨਰੇਟ, ਲੁਧਿਆਣਾ ਦੇ ਏਰੀਏ ਅੰਦਰ ਭਾਰ ਢੋਹਣ ਵਾਲੀਆਂ ਗੱਡੀਆਂ ਜਿੰਨਾ 'ਤੇ ਆਮ ਜਨਤਾ ਨੂੰ ਲਿਜਾਣ ਅਤੇ ਢੋਣ 'ਤੇ ਤਰੁੰਤ ਪਾਬੰਦੀ ਲਗਾਈ ਹੈ। ਉਨ੍ਹਾਂ ਕਮਿਸਨਰੇਟ ਲੁਧਿਆਣਾ ਦੇ ਇਲਾਕੇ ਅੰਦਰ ਵੱਖ-ਵੱਖ ਕਿਸਮ ਦੀਆਂ ਭਾਰ ਢੋਹਣ ਵਾਲੀਆਂ ਗੱਡੀਆਂ ਜਿੰਨਾ ਵਿਚ ਤਿੰਨ ਪਹੀਆ, ਚਾਰ ਪਹੀਆ ਜਾਂ ਇਸ ਤੋ ਵੱਧ ਪਹੀਆ ਵਾਲੀਆਂ ਗੱਡੀਆਂ ਸਵਾਰੀਆਂ ਸਰੇਆਮ ਢੋਹਦੀਆਂ ਹਨ, ਜੋ ਕਿ ਗੈਰ ਕਾਨੂੰਨੀ ਅਤੇ ਮੋਟਰ ਵਹੀਕਲ ਐਕਟ ਦੇ ਨਿਯਮਾਂ ਦੀ ਘੋਰ ਉਲੰਘਣਾਂ ਹੈ ਅਤੇ ਮਨੁੱਖੀ ਜਾਨਾਂ ਲਈ ਵੀ ਖਤਰਨਾਕ ਸਿੱਧ ਹੋ ਸਕਦੀਆਂ ਹਨ, ਕਈ ਵਾਰੀ ਅਜਿਹੇ ਅਣਸੁਖਾਵੇ ਹਾਦਸੇ ਵੀ ਵਾਪਰਦੇ ਹਨ ਜਿੰਨਾ ਵਿਚ ਕੀਮਤੀ ਜਾਨਾਂ ਅਜਾਈਂ ਚਲੀਆਂ ਜਾਂਦੀਆ ਹਨ। ਇਸ ਲਈ ਆਮ ਜਨਤਾ ਦੀ ਜਾਨ ਅਤੇ ਮਾਲ ਦੀ ਸੁਰਖਿਆ ਨੂੰ ਮੁੱਖ ਰਖਦੇ ਹੋਏ ਅਤੇ ਪਬਲਿਕ ਹਿੱਤ ਵਿਚ ਇਸ ਗੈਰ ਕਾਨੂੰਨੀ ਕਾਰਵਾਈ ਨੂੰ ਰੋਕਣ ਲਈ ਪੁਲਿਸ ਕਮਿਸਨਰੇਟ ਲੁਧਿਆਣਾ ਦੇ ਏਰੀਏ ਅੰਦਰ ਅਜਿਹੀਆਂ ਭਾਰ ਢੋਹਣ ਵਾਲੀਆਂ ਗੱਡੀਆਂ ਜਿੰਨਾ ਵਿਚ ਤਿੰਨ ਪਹੀਆ, ਚਾਰ ਪਹੀਆ ਜਾਂ ਇਸ ਤੋ ਵੱਧ ਪਹੀਆ ਵਾਲੀਆ ਗੱਡੀਆਂ ਸ਼ਾਮਲ ਹਨ 'ਤੇ ਆਮ ਜਨਤਾ ਨੂੰ ਲਿਜਾਣ ਅਤੇ ਢੋਣ 'ਤੇ ਤਰੁੰਤ ਪਾਬੰਦੀ ਲਗਾਈ ਹੈ।

# ਪ੍ਰਸਿੱਧ ਗਾਇਕ ਸੋਨੂ ਵਿਰਕ ਦਾ ਗੀਤ, 'ਦਿਲ 'ਤੇ' ਰਿਲੀਜ ਹੋਵੇਗਾ, 1 ਸਤੰਬਰ, 21 ਨੂੰ




**ਚੰਡੀਗੜ /ਪ੍ਰੀਤਮ ਲੁਧਿਆਣਵੀ**

ਪੰਜਾਬੀਆਂ ਦੇ ਦਿਲਾਂ 'ਤੇ ਰਾਜ ਕਰ ਰਿਹਾ, ਦੇਸ਼ਾਂ ਵਿਦੇਸ਼ਾਂ ਵਿੱਚ ਆਪਣੀ ਸੁਰੀਲੀ ਤੇ ਦਮਦਾਰ ਅਵਾਜ਼ ਨਾਲ ਧੁੰਮਾਂ ਪਾਉਣ ਵਾਲਾ ਪ੍ਰਸਿੱਧ ਕਲਾਕਾਰ ਸੋਨੂੰ ਵਿਰਕ, 'ਗੰਡਾਸੀ', 'ਗੱਭਰੂ', 'ਪੈਟਰੋਲ', 'ਮਿੱਸ ਮੈਚ', 'ਬਦਮਾਸ਼', 'ਬਾਈ ਜੀ', 'ਲਵਰ', 'ਸੁਣ ਸਰਦਾਰਾ', 'ਚੁੰਨੀ' ਤੇ 'ਗੱਲਾਂ ਸੱਚੀਆਂ' ਆਦਿ ਕੈਸਿਟਾਂ ਤੇ ਸਿੰਗਲ ਟਰੈਕਾਂ ਨਾਲ ਆਪਣੀ ਚੰਗੀ ਅੱਡਰੀ ਪਹਿਚਾਣ ਬਣਾ ਚੁੱਕਾ ਹੈ। ਹੁਣ ਉਹ ਬਹੁਤ ਵਧੀਆ ਗੀਤ, 'ਦਿਲ 'ਤੇ', ਲੈਕੇ ਹਾਜ਼ਰ ਹੋ ਰਿਹਾ ਹੈ ਜਿਸ ਵਿੱਚ ਉਸਦਾ ਸਾਥ ਦਿੱਤਾ ਹੈ ਮਿਸ਼ੂ ਪਰੀਤ ਨੇ।

ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਗੀਤਕਾਰ ਰਾਜੂ ਨਾਹਰ ਨੇ ਦੱਸਿਆ ਕਿ ਇਹ ਗੀਤ, ਗੀਤਕਾਰ ਭੋਲਾ ਫਰਲ ਵਾਲਾ ਦੀ ਕਲਮ ਦਾ ਲਿਖਿਆ ਹੈ ਤੇ ਇਸਨੂੰ ਸੰਗੀਤਕ ਧੁੰਨਾ ਨਾਲ ਸ਼ਿੰਗਾਰਿਆ ਹੈ ਯੂਨੀਵਰਸਲ ਭਾਜੀ ਨੇ।ਪ੍ਰਡਿਊਸਰ ਗੁਰਦਿਆਲ ਸਿੰਘ ਭਾਟੀਆ ਡੁਬੱਈ ਵੱਲੋਂ ਡੀ ਐਕਸ ਬੀ ਕੰਪਨੀ ਦੁਆਰਾ 1 ਸਤੰਬਰ, 21 ਨੂੰ ਰਿਲੀਜ਼ ਕੀਤਾ ਜਾ ਰਿਹਾ ਹੈ। ਗੀਤ ਦਾ ਵੀਡੀਓ, ਡਾਇਰੈਕਟਰ ਇਮਤਿਆਜ ਅਲੀ ਜੀ ਨੇ ਸ਼ੂਟ ਕੀਤਾ ਹੈ। ਸਾਰੀ ਟੀਮ ਨੂੰ ਸੋਨੂੰ ਵਿਰਕ ਦੇ ਨਵੇਂ ਗੀਤ ਤੋਂ ਬਹੁਤ ਆਸਾਂ-ਉਮੀਦਾਂ ਤੇ ਸੰਭਾਵਨਾਵਾਂ ਹਨ। ਵਾਹਿਗੁਰੂ ਤਰੱਕੀਆਂ ਬਖਸ਼ੇ।

# ਅਸੂਲ ਮੰਚ ਘਨੌਰ ਵਲੋਂ ਮੁੱਖ ਮੰਤਰੀ ਦੇ ਨਾਮ ਗੌਰਵ ਬਾਂਸਲ ਨਾਇਬ ਤਹਿਸੀਲਦਾਰ ਨੂੰ ਸੌਂਪਿਆ ਮੰਗ ਪੱਤਰ

■ ਪੰਜਾਬ ਦੇ ਹਸਪਤਾਲਾਂ ਵਿਚ ਨਿਊਰੋਲੋਜੀ ਡਾਕਟਰ ਨਾ ਹੋਣ ਕਰਕੇ ਅਪੰਗਾਂ ਨੂੰ ਪੀਜੀਆਈ ਹੋਣਾ ਪੈਂਦਾ ਹੈ ਖੱਜਲ ਖੁਆਰ : ਓਮਕਾਰ ਸਰਮਾ



**ਘਨੌਰ/ਸਰਦਾਰਾ ਸਿੰਘ ਲਾਛੜੂ**

ਅਪੰਗ ਸੁਅੰਗ ਲੋਕਮੰਚ ਰਜਿ:ਪੰਜਾਬ ਬਲਾਕ ਇਾਈ ਘਨੌਰ ਦੀ ਮੀਟਿੰਗ ਓਮਕਾਰ ਸਰਮਾ ਦੀ ਅਗਵਾਈ ਵਿਚ ਸਬ ਤਹਿਸੀਲ ਘਨੌਰ ਵਿਖੇ ਹੋਏ ਜਿਸ ਵਿਚ ਵਿਚਾਰ ਕੀਤਾ ਗਿਆ ਕਿ ਅੰਗਹੀਣਾਂ ਦੀ ਮੁੱਖਾਂ ਮੰਗਾਂ ਸਬੰਧੀ ਮੁੱਖ ਮੰਤਰੀ ਪੰਜਾਬ ਨੂੰ ਲਿਖਿਆ ਮੰਗ ਪੱਤਰ ਗੌਰਵ ਬਾਂਸਲ ਨਾਇਬ ਤਹਿਸੀਲਦਾਰ ਘਨੌਰ ਨੂੰ ਸੌਂਪਿਆ ਗਿਆ ।ਅਸੂਲ ਮੰਚ ਦੇ ਆਗੂਆਂ ਨੇ ਕਿਹਾ ਕਿ ਸਾਡੀਆਂ ਮੁੱਖ ਮੰਗਾਂ ਜਿਵੇਂ ਅਧਰੰਗ ਅਤੇ ਗੀੜ ਦੀ ਹੱਡੀ ਦੇ ਅਪੰਗਾਂ ਦੇ ਅਪੰਗਤਾ ਸਰਟੀਫਿਕੇਟ ਜਾਰੀ ਕਰਨ ਲਈ ਸਬੰਧਤ ਹਸਪਤਾਲਾਂ ਤੋਂ ਨਿਊਰੋਲੋਜੀ ਦਾ ਡਾਕਟਰ ਨਾ ਹੋਣ ਕਰਕੇ ਪੀਜੀਆਈ ਚੰਡੀਗੜ ਰੈਫਰ ਕਰਨ ਕਰਕੇ ਹੋ ਰਹੀ ਖੱਜਲ ਖੁਆਰੀ ਤੋਂ ਬਚਾਇਆ ਜਾਵੇ । ਪੰਜਾਬ ਵਿਚ ਜਿਲਾ ਪੱਧਰ ਤੇ ਨਿਊਰੋਲੋਜੀ ਡਾਕਟਰ ਦਾ ਪ੍ਰਬੰਧ ਕੀਤਾ ਜਾਵੇ ਜਾਂ ਅਜਿਹੇ ਮਰੀਜਾਂ ਨੂੰ ਇਕੱਠੇ ਕਰਕੇ ਇਕ ਦਿਨ ਚੰਡੀਗੜ ਤੋਂ ਡਾਕਟਰ ਬੁਲਾ ਕੇ ਅਪੰਗ ਵਿਅਕਤੀ ਨੂੰ ਮੋਬਾਇਲ ਰਾਹੀਂ ਸੂਚਿਤ ਕਰਕੇ ਅਪੰਗਤਾ ਸਰਟੀਫਿਕੇਟ ਜਾਰੀ ਕੀਤਾ ਜਾਵੇ 1995 ਤੇ 2016 ਮੁਤਾਬਕ ਅੰਗਹੀਣ ਵਿਅਕਤੀਆਂ ਲਈ ਨੌਕਰੀਆਂ ਦਾ ਬੈਕਲਾਗ ਪੂਰਾ ਕੀਤਾ ਜਾਵੇ ਅਤੇ ਪੰਜਾਬ ਦੇ ਵੱਖ2 ਸਹਿਰਾਂ ਵਿਚ 11 ਅਸਾਮੀ ਦੀ ਭਰਤੀ ਨਾ ਕੱਢ ਕੇ ਸਾਰੇ ਵਿਭਾਗਾਂ ਦੀ ਇੱਕ ਹੀ ਸਥਾਨ ਤੇ ਵਿਸੇਸ ਕੈਂਪ ਲਗਾ ਕੇ ਬੈਕਲਾਗ ਲਈ ਭਰਤੀ ਕੀਤੀ ਜਾਵੇ ।ਪੰਜਾਬ ਸਰਕਾਰ ਵਲੋਂ ਬੈਕਲਾਗ ਪੂਰਾ ਨਾ ਕਰਨ ਕਰਕੇ ਜ਼ੋ ਅਪੰਗ ਓਵਰਏਜ਼ ਹੋ ਗਏ ਹਨ ਉਹਨਾਂ ਨੂੰ ਸਪੈਸਲ ਬੇਰੁਜਗਾਰੀ ਭੱਤਾ ਦਿੱਤਾ ਜਾਵੇ ਤੇ ਉਹਨਾਂ ਕਿਹਾ ਕਿ ਪੰਜਾਬ ਭਰ ਵਿਚ ਲਗਭਗ 50 ਪ੍ਰਤੀਸਤ ਅਜਿਹੇ ਅੰਗਹੀਣ ਹਨ ਜਿਨਾਂ ਕੋਲ ਅੰਗਹੀਣਤਾ ਦੇ ਸਰਟੀਫਿਕੇਟ ਹੀ ਨਹੀਂ ਹਨ ਅਤੇ ਅੰਗਹੀਣਤਾ ਦੇ ਸਰਟੀਫਿਕੇਟ ਸਰਲ ਤਰੀਕੇ ਨਾਲ ਪਿੰਡ ਪਿੰਡ ਬਲਾਕ ਪੱਧਰ ਤੇ ਵਿਸੇਸ ਕੈਂਪ ਲਗਾ ਕੇ ਅੰਗਹੀਣਤਾ ਸਰਟੀਫਿਕੇਟ ਮੁਹੱਇਆ ਕਰਾਏ ਜਾਣ। ਲੋੜਵੰਦ ਵਿਅਕਤੀਆਂ ਨੂੰ ਜਿੰਦਗੀ ਗੁਜਾਰਨ ਲਈ ਸਮਾਨ ਜਿਵੇ ਕਿ ਟਰਾਈਸਾਇਕਲ,ਵਹੀਲ ਚੇਅਰ,ਕੈਲੀਪਰ,ਵੈਸਾਖੀਆਂ ਆਦਿ ਉਹਨਾਂ ਨੂੰ ਘਰ ਵਿਚ ਹੀ ਸਰਵੇ ਕਰਵਾ ਕੇ ਮੁਹੱਇਆ ਕਰਵਾਈਆਂ ਜਾਣ ।ਸਾਰੇ ਸਰਕਾਰੀ ਦਫਤਰਾਂ,ਬੈਂਕ,ਸਕੂਲਾਂ ਵਿਚ ਵਹੀਲ ਚੇਅਰਾਂ ਦਾ ਪ੍ਰਬੰਧ ਕਰਾਇਆ ਜਾਵੇ ਪੰਜਾਬ ਭਰ ਦੇ ਸਬ ਤਹਿਸੀਲਾਂ/ਤਹਿਸੀਲਾਂ ਵਿਚ ਵੀ ਇੱਕ2 ਵਹੀਲ ਚੇਅਰ ਦਾ ਪ੍ਰਬੰਧ ਕੀਤਾ ਜਾਵੇ ਜਿਥੇ ਸਬ ਰਜਿਸਟਰਾਰ/ਜੁਆਇੰਟ ਸਬ ਰਜਿਸਟਰਾਰ ਰਜਿਸਟਰੀਆਂ ਤਸਦੀਕ ਕਰਦੇ ਹਨ ਅੰਗਹੀਣ ਤੇ ਸੀਨੀਅਰਸੀਟੀਜਨ ਦੀ ਸੁਵਿਧਾ ਲਈ ਰੈਂਪ ਦਾ ਪ੍ਰਬੰਧ ਕਰਨਾ ਅਤਿ ਜਰੂਰੀ ਹੈ ਕਿਉਕਿ ਅੰਗਹੀਣ ਤੇ ਬਜੁਰਗਾਂ ਨੂੰ ਫੋਟੋਗ੍ਰਾਫੀ ਵਾਸਤੇ ਪੌੜੀ ਰਾਹੀ ਚੜਨਾ ਮੁਸਕਲ ਹੈ। 1995 ਤੇ 2016 ਮੁਤਾਬਕ ਪ੍ਰਾਈਵੇਟ ਸੈਕਟਰ ਤੇ ਫੈਕਟਰੀਆਂ ਵਿਚ ਨੌਕਰੀਆਂ ਵਿਚ ਰਾਖਵਾਂਕਰਨ 5 ਪ੍ਰਤੀਸਤ ਦੇਣਾ ਬਣਦਾ ਹੈ ਪ੍ਰੰਤੂ ਪ੍ਰਾਈਵੇਟ ਸੈਕਟਰ ਵਿਚ ਇਸ ਵਰਗ ਨੂੰ ਵਿਚਾਰਿਆ ਨਹੀਂ ਜਾ ਰਿਹਾ ਇਸ ਲਈ ਐਕਟ ਮੁਤਾਬਕ ਪ੍ਰਾਈਵੇਟ ਸੈਕਟਰ ਤੇ ਫੈਕਟਰੀਆਂ ਵਿਚ ਨੌਕਰੀਆਂ ਵਿਚ 5 ਪ੍ਰਤੀਸਤ ਕੋਟਾ ਰਿਜਰਵ ਕਰਨਾ ਤੁਰੰਤ ਲਾਗੂ ਕਰਾਇਆ ਜਾਵੇ ਜੀ। ਅੰਗਹੀਣ ਪੈਨਸਨ (ਗੁਜਾਰਾ ਭੱਤਾ) ਘੱਟੋ ਘੱਟ 5000 ਰੁਪਏ ਪ੍ਰਤੀ ਮਹੀਨਾ ਵਾਧਾ ਤੁਰੰਤ ਕੀਤਾ ਜਾਵੇ ।ਬਸ ਸਫਰ ਮੁਫਤ ਕੀਤਾ ਜਾਵੇ ਤੇ ਅੰਗਹੀਣ ਦੇ ਨਾਲ ਸਹਾਇਕ ਦੀ ਟਿਕਟ ਵੀ ਫਰੀ ਕੀਤੀ ਜਾਵੇ ।ਅੰਗਹੀਣ ਪਰਿਵਾਰਾਂ ਨੂੰ ਆਟਾ ਦਾਲ ਤੇ ਬਿਜਲੀ ਬਿਲ ਮਾਫੀ ਦੀ ਸਹੂਲਤ ਦਿੱਤੀ ਜਾਵੇ ਅਤੇ ਮਕਾਨ ਬਣਾਉਣ ਲਈ ਵਿੱਤੀ ਸਹਾਇਤਾ ਦਿੱਤੀ ਜਾਵੇ ਅਤੇ ਅਪੰਗ ਵਿਅਕਤੀਆਂ ਦੇ ਬੱਚਿਆਂ ਦੀ ਪੜਾਈ ਲਈ ਸਕਾਲਰਸਿਪ ਦਿੱਤੀ ਜਾਵੇ ।ਹਸਪਤਾਲਾਂ ਵਿਚ ਅੰਗਹੀਣਾਂ ਲਈ ਨੀਵੀਂ ਖਿੜਕੀ ਦਾ ਪ੍ਰਬੰਧ ਕੀਤਾ ਜਾਵੇ ।ਇਸ ਮੌਕੇ ਲਖਵਿੰਦਰ ਸਿੰਘ ਸਰਾਲਾ,ਬਲਜੀਤ ਸਿੰਘ ਹਰੀਮਾਜਰਾ,ਹੰਸ ਰਾਜ ਸਰਾਲਾ,ਜ਼ਸਵੀਰ ਸਿੰਘ ਹਰੀਗੜ,ਦਲਜੀਤ ਸਿੰਘ ਬਘੌਰਾ,ਰਿੰਕੂ ਮਾਜਰੀ,ਸਤਨਾਮ ਸਿੰਘ ਜੰਡਮੰਡੋਲੀ ਤੇ ਹੋਰ ਹਾਜਰ ਸਨ।

# ਸਮਾਜਿਕ ਜਥੇਬੰਦੀਆਂ ਦੀ ਇਕੱਤਰਤਾ ਜਲਦੀ : ਸਤਨਾਮ ਸਿੰਘ ਗਿੱਲ

## *117 ਹਲਕਿਆਂ 'ਚ ਸਰਭ ਸਾਝਾਂ ਸਮਾਜਿਕ ਗਠਜੋੜ ਉਤਾਰੇਗਾ ਆਪਣੇ ਉਮੀਦਵਾਰ*



**ਅੰਮ੍ਰਿਤਸਰ/ਲੋਕ ਬਾਣੀ**

ਘੱਟ ਗਿਣਤੀਆਂ ਲੋਕ ਭਲਾਈ ਸੰਸਥਾ (ਰਜਿ) ਦੇ ਸੁਪਰੀਮੋਂ ਸ੍ਰ ਸਤਨਾਮ ਸਿੰਘ ਗਿੱਲ ਨੇ ਸੂਬੇ 'ਚ ਸਮਾਜਿਕ ਜਥੇਬੰਦੀਆਂ ਨੂੰ ਨਾਲ ਲੈ ਕੇ ਇੱਕ ਗੈਰ ਸਿਆਸੀ ਸਮਾਜਿਕ ਜਥੇਬੰਦੀਆਂ ਦਾ ਸਾਂਝਾ ਗਠਜੋੜ ਹੋਂਦ 'ਚ ਲਿਆਉਂਣ ਲਈ ਰਸਮੀਂ ਐਲਾਨ ਕਰ ਦਿੱਤਾ ਹੈ।ਉਨ੍ਹਾ ਨੇ ਦੱਸਿਆ ਕਿ ਮੌਕਾਪ੍ਰਸਤ ਸਿਆਸੀ ਘਰਾਣਿਆਂ ਨੂੰ ਸਤਾ ਚੋਂ ਬਾਹਰਲਾ ਰਸਤਾ ਦਿਖਾਉਂਣ ਲਈ ਹੁਣ ਸਮਾਜ ਸੇਵੀ ਜਥੇਬੰਦੀਆਂ ਨੂੰ ਅੱਗੇ ਲਿਆਉਂਣ ਅਤੇ ਨਵੇਂ ਚੇਹਰਿਆਂ ਨੂੰ ਪੰਜਾਬ ਵਿਧਾਨ ਸਭਾ 'ਚ ਪ੍ਰਤੀਨਿਧਤਾ ਦੇਣ ਲਈ ਯਤਨ ਸ਼ੁਰੂ ਕਰ ਦਿੱਤੇ ਗਏ ਹਨ।

ਚੇਤੇ ਰਹੇ ਕਿ ਉਹ ਅੱਜ ਇਥੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰ ਰਹੇਨ ਸਨ।

ਇੱਕ ਸਵਾਲ ਦੇ ਜਵਾਬ 'ਚ ਉਨ੍ਹਾ ਨੇ ਕਿਹਾ ਕਿ ਇਸ ਵਾਰ ਆਜ਼ਾਦ ਉਮੀਦਵਾਰ ਗੈਰ ਸਿਆਸੀ ਸਾਂਝੇ ਸਮਾਜਿਕ ਸੰਗਠਨ ਦੇ ਬੈਨਰ ਹੇਠ ਵੱਡੀਆਂ ਅਤੇ ਰਵਾਇਤੀ ਸਿਆਸੀ ਪਾਰਟੀਆਂ ਦੇ ਉਮੀਂਦਵਾਰਾਂ ਨੂੰ ਚੋਣ ਮਹਿੰਮ ਜਬਰਦਸਤ ਟੱਕਰ ਦੇਣਗੇ।ਉਨ੍ਹਾ ਨੇ ਕਿਹਾਕਿ ਪੰਜਾਬ 'ਚ ਸਰਗਰਮ ਹਰ ਸਮਾਜਿਕ ਜਥੇਬੰਦੀ ਦੇ ਪ੍ਰਧਾਨ, ਜਨਰਲ ਸਕੱਤਰ ਅਤੇ ਦਫਤਰ ਸਕੱਤਰ ਤੱਕ ਪਹੁੰਚ ਕਰਕੇ ਜਲੰਧਰ ਸਥਿਤ ਸ਼ਹੀਦ ਭਗਤ ਸਿੰਘ ਯਾਦਗਾਰੀ ਹਾਲ ਜਲੰਧਰ ਵਿਖੇ ਸਰਭ ਸਾਂਝੀ ਮੀਟਿੰਗ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਸਤਨਾਮ ਸਿੰਘ ਗਿੱਲ ਨੇ ਦੱਸਿਆ ਕਿ ਜੇਕਰ ਇਕੋਤਰੀ ਪ੍ਰੋਗਰਾਮ ਸਿਰੇ ਚੜ ਗਿਆ ਤਾਂ ਫਿਰ 117 ਵਿਧਾਨ ਸਭਾ ਹਲਕਿਆਂ 'ਚ ਸਮਾਜਿ ਜਥੇਬੰਦੀਆਂ ਦਾ ਸਾਂਝਾ ਗਰੁੱਪ ਆਪਣੇ ਉਮੀਂਦਵਾਰਾਂ ਨੂੰ ਚੋਣ ਮੈਦਾਨ 'ਚ ਉਤਾਰਨ ਦਾ ਫੈਂਸਲਾ ਲਵੇਗਾ।

ਇਸ ਮੌਕੇ ਸ੍ਰ ਲਖਵਿੰਦਰ ਸਿੰਘ ਅਟਾਰੀ, ਸ੍ਰ ਗੁਰਮੇਲ ਸਿੰਘ ਜੋਧਾ, ਫੁੱਲਜੀਤ ਸਿੰਘ ਵਰਪਾਲ, ਦਲਬੀਰ ਸਿੰਘ ਟਕਾਪੁਰ, ਰੇਸ਼ਮ ਸਿੰਘ ਨਾਹਰ, ਬਲਜੀਤ ਸਿੰਘ ਤਰਸਿੱਕਾ, ਰਮਨਦੀਪ ਕੌਰ ਭਲਾਈਪੁਰ, ਸਤਨਾਮ ਸਿੰਘ ਸਭਰਵਾਲ ਆਦਿ ਹਾਜਰ ਸਨ।

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਅਨਾਥ, ਵਿਧਵਾ, ਬੇਸਹਾਰਾ, ਲਚਾਰ ਪ੍ਰਾਣੀਆਂ ਦੀ ਸੇਵਾ ਹਿੱਤ
ਗੁਰੂ ਨਾਨਕ ਅਨਾਥ ਆਸ਼ਰਮ ਐਂਡ ਚੈਰੀਟੇਬਲ ਸੁਸਾਇਟੀ (ਰਜਿ.)
विधवा, बेसहारा, लाचार प्राणियों की सेवा में
गुरू नानक अनाथ आश्रम एण्ड चैरीटेबल सोसाईटी ( रजि. )
ਫੋਨ : 0181-2413760, ਮੋ. 95018-42008
GURU NANAK ANATH ASHRAM & CHARITABLE SOCIETY (REGD.)
P.N.B. A/C. No. 2205000121070723
ਦਾਨੀ ਸੱਜਣ ਇਨਕਮ ਟੈਕਸ ਛੋਟ ਵਾਸਤੇ ਮੁੱਖ ਦਫ਼ਤਰ ਰਾਮਾ ਮੰਡੀ, ਜਲੰਧਰ ਨਾਲ ਸੰਪਰਕ ਕਰਨ ਜੀ।
Vill. Buddana, P.o. Kapoor Pind, Near Jandusinga, Distt Jalandhar (Pb.)

ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 0181-2211009, 99155-94111